# ਅੰਮ੍ਰਿਤ ਕੀਰਤਨ

# Amrit Kirtan

# अमृत कीर्तन

ਅੰਕ 16

ਸਤੰਬਰ 1990



# ਨਵੇਂ ਜੀਵਨ ਮੈਂਬਰ

1. ਸ੍ਰ. ਇੰਦਰਜੀਤ ਸਿੰਘ XEN
ਕੈਨਾਲ ਕਾਲੋਨੀ, ਹੁਸ਼ਿਆਰਪੁਰ

2. ਸ੍ਰ. ਕੁਲਵੰਤ ਸਿੰਘ
75 ਸੈਕਟਰ 5, ਚੰਡੀਗੜ੍ਹ

3. ਸ੍ਰ. ਜਤਿੰਦਰ ਸਿੰਘ
157 ਫੇਜ਼ V, ਮੋਹਾਲੀ

4. ਸ੍ਰ. ਤ੍ਰਿਲੋਚਨ ਸਿੰਘ
88-ਨਾਰੰਗ ਕਾਲੋਨੀ ਏ. ਬਲਾਕ, ਜਨਕਪੁਰੀ ਨਵੀਂ ਦਿੱਲੀ

5. ਸ੍ਰ. ਸਰਮੁਖ ਸਿੰਘ
ਏ-187 ਅਨੰਦ ਬਾਗ ਮਕਰਪੁਰਾ ਰੋਡ, ਬੜੌਦਾ

6. ਸ੍ਰ. ਇਕਬਾਲ ਸਿੰਘ
ਐਸ. ਡੀ. 286 ਪੀਤਮਪੁਰਾ ਦਿੱਲੀ

7. ਸ੍ਰ. ਮਲਕੀਤ ਸਿੰਘ ਐਂਡ ਸੰਨਜ਼
1414 ਚਾਬੀ ਗੰਜ ਕਸ਼ਮੀਰੀ ਗੇਟ ਦਿੱਲੀ

8. ਸ੍ਰ. ਮਨਮੋਹਨ ਸਿੰਘ ਦੂਆ
J-32 ਰਜੋਰੀ ਗਾਰਡਨ ਨਵੀਂ ਦਿੱਲੀ

9. ਸ੍ਰ. ਜਸਪਾਲ ਸਿੰਘ ਚੰਡੋਕ
J-11/ 9 ਰਾਜੌਰੀ ਗਾਰਡਨ ਨਵੀਂ ਦਿੱਲੀ

10 ਸ੍ਰ. ਹਰਵਿੰਦਰ ਸਿੰਘ ਚੰਡੋਕ
J-3/117 ਰਾਜੌਰੀ ਗਾਰਡਨ ਨਵੀਂ ਦਿੱਲੀ

11. ਸ੍ਰ. ਮਹਿੰਦਰ ਸਿੰਘ ਰਿਖੀ ਮੈਸਰਜ਼ ਰਿਖੀ ਆਟੋ ਮੋਬਾਈਲ
ਸ਼ਕਤੀ ਮੋਟਰ ਮਾਰਕੀਟ. ਪ੍ਰੇਮ ਗਲੀ, ਪੰਜਾ ਸ਼ਰੀਫ ਕਸ਼ਮੀਰੀ ਗੇਟ ਦਿੱਲੀ

12. ਸ੍ਰ. ਪ੍ਰੀਤਮ ਸਿੰਘ
ਜੇ-85 ਕਿਰਤੀ ਨਗਰ ਨਵੀਂ ਦਿੱਲੀ

13. ਬੀਬੀ ਸਤਵੰਤ ਕੌਰ
2693 ਫੇਜ-VII ਮੁਹਾਲੀ ।

# ਅੰਮ੍ਰਿਤ ਕੀਰਤਨ

Amrit Kirtan — अमृत कीर्तन

16 — ਸਤੰਬਰ 1990



ਕ (ਆਨਰੇਰੀ)
ਜਾਗੀਰ ਸਿੰਘ

ਹਿਯੋਗੀ
ਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਤਰਕਾਰ : ਗੁਰਦੀਪ ਸਿੰਘ ਦੀਪ



ਠੀ ਪੱਤਰ ਲਈ ਪਤਾ :
ਮ੍ਰਿਤ ਕੀਰਤਨ ਟ੍ਰਸਟ (ਰਜਿ.)
22, ਸੈਕਟਰ 15-ਏ,
ੀਗੜ੍ਹ-160015
ਨ : 24660



**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

| | |
|---|---|
| ਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |


## ਵਿਸ਼ਾ — ਪੰਨਾ


1. ਤੁਹਾਡੇ ਪੱਤਰ — 2
2. ਗੁਰੂ ਗ੍ਰੰਥ ਸਾਹਿਬ ਦਾ ਪਾਠ — 3
   —ਭਾਈ ਕਾਨ੍ਹ ਸਿੰਘ ਨਾਭਾ
3. ਵਿਦਵਾਨ ਸੰਗੀਤਕਾਰ
   —ਡਾ: ਦਰਸ਼ਨ ਸਿੰਘ ਨਰੂਲਾ — 7
4. ਗੁਰੂ ਗ੍ਰੰਥ ਵਿੱਚ ਰਾਗਾਂ ਦੀ ਗਿਣਤੀ ਦਾ ਸੁਆਲ -ਪ੍ਰੋ. ਹਰਭਜਨ ਸਿੰਘ ਖਾਲਸਾ — 9
5. Music Uplifts Man
   Dr. Bishan Swaroop Aggarwal Ropari — 25
6. ਰਾਗ ਕਲਿਆਣ
   —ਪ੍ਰੋ: ਪਰਮਜੋਤ ਸਿੰਘ — 27
7. आदि ग्रंथ और राग
   डा. सुरेंण सिंह बिलखु — 29



ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

''ਅੰਮ੍ਰਿਤ ਕੀਰਤਨ'' ਦਾ ਦਸਵਾਂ ਅੰਕ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ, ਬਹੁਤ ਖੁਸ਼ੀ ਹੋਈ। ਆਪ ਜੀ ਨੇ ਇਹ ਮਹਾਨ ਉਪਕਾਰ ਕਰਕੇ ਬਹੁਤ ਚਿਰ ਤੋਂ ਪਈ ਘਾਟ ਨੂੰ ਪੂਰਾ ਕੀਤਾ। ਆਪ ਜੀ ਦੇ ਅਤੀ ਸ਼ੁਕਰਗੁਜ਼ਾਰ ਹਾਂ।

ਗੁਰਮੁਖ ਕੀਰਤਨੀਆਂ ਦੇ ਇੰਟਰਵਿਊਜ਼ ਅਤੇ ਪੁਰਾਤਨ ਕੀਰਤਨੀਆਂ ਦੀਆਂ ਕਲਾਸੀਕਲ ਰੀਤਾਂ ਅਤੇ ਜੀਵਨ ਹਰ ਅੰਕ ਵਿਚ ਜ਼ਰੂਰ ਦਿਆ ਕਰੋ, ਵਾਹਿਗੁਰੂ ਜੀ ਦੇ ਸਨਮੁਖ ਅਰਦਾਸ ਹੈ ਆਪ ਜੀ ਨੂੰ ਹੋਰ ਸੇਵਾ ਕਰਨ ਦਾ ਬਲ ਅਤੇ ਚੜ੍ਹਦੀ ਕਲਾ ਬਖਸ਼ਣ, ''ਅੰਮ੍ਰਿਤ ਕੀਰਤਨ'' ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਬਖਸ਼ਣ।

ਭਾਈ ਅਵਤਾਰ ਸਿੰਘ ਹੰਸ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
ਮਲੋਟ (ਫਰੀਦਕੋਟ)

ਗੁਰਬਾਣੀ ਦੇ ਕੀਰਤਨੀਏ ਦੇ ਨਿਜੀ ਜੀਵਨ ਕਰਮ ਨੇ ਸੰਗਤਾਂ ਨੂੰ ਬੜੀ ਪ੍ਰੇਰਨਾ ਦਿੱਤੀ ਹੈ। ਆਪਣੇ ਸੰਗੀਤ ਰਾਹੀਂ ਤਾਂ ਉਹ ਕੇਵਲ ਸੰਗਤਾਂ ਦੀ ਨੇੜਤਾ ਪ੍ਰਾਪਤ ਕਰਦਾ ਹੈ ਤੇ ਫਿਰ ਝਟ ਹੀ ਉਸ ਦਾ ਪ੍ਰਭਾਵ ਹੋ ਜਾਂਦਾ ਹੈ। ਗੁਰਮੁਖ ਜੀਵਨ ਦਾ ਪ੍ਰਭਾਵ ਬੜਾ ਪਵਿਤਰ, ਉਸਾਰੂ ਤੇ ਸਦੀਵੀ ਹੁੰਦਾ ਹੈ। ਆਦਰਸ਼ਾਂ ਬਿਨ੍ਹਾਂ ਜੀਵਨ ਦਾ ਕੋਈ ਅਰਥ ਨਹੀਂ। ਸਾਡੇ ਸਾਰੇ ਕਿੱਤੇ ਕੇਵਲ ਪੇਟ ਪਾਲਣ ਦੇ ਸਾਧਨ ਹਨ।

ਅੰਮ੍ਰਿਤ ਕੀਰਤਨ ਦੀ ਸ਼ਫ਼ਲਤਾ ਲਈ ਅਰਦਾਸ ਕਰਦਾ ਹਾਂ।

ਜੋਧ ਸਿੰਘ ਜਾਲੰਧਰ

ਅੰਮ੍ਰਿਤ ਕੀਰਤਨ ਦਾ ਨਾਮ ਪੜ੍ਹਕੇ ਤਨ-ਮਨ ਖੀਵਾ ਹੋਇਆ। 'ਕਲਜੁਗ ਮਹਿ ਕੀਰਤਨ ਪ੍ਰਧਾਨਾ'। ਅਜਿਹਾ ਕਾਰਜ ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ।

ਸ਼ਾਮ ਲਾਲ ਸ਼ਰਮਾ
ਮਕਾਨ ਨੰ: 122/2 ਨੇੜੇ ਤਹਿਸੀਲ
ਡਾਕਖਾਨਾ ਅਤੇ ਸ਼ਹਿਰ ਅਹਿਮਦਗੜ੍ਹ

ਸਾਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਅੰਮ੍ਰਿਤ ਕੀਰਤਨ ਟ੍ਰਸਟ (ਰਜਿ:) ਵਲੋਂ ਮਾਂ ਬੋਲੀ ਪੰਜਾਬੀ ਵਿਚ ਇਕ ਮਾਸਿਕ 'ਸੰਗੀਤ' ਪਤ੍ਰਕਾ 'ਅੰਮ੍ਰਿਤ ਕੀਰਤਨ' ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਹ ਇੱਕ ਵੱਡਮੁੱਲਾ ਸਲਾਹੁਣ ਯੋਗ ਕੰਮ ਹੈ। ਜਿਸ ਦੀ ਜਿੰਨੀ ਵੀ ਪ੍ਰਸੰਸਾ ਕੀਤੀ ਜਾਵੇ ਘੱਟ ਹੈ।

ਧਰਮ ਸਿੰਘ
ਵਾਰਡ ਨੰ: 3 ਰਤਿਆ
ਜ਼ਿਲ੍ਹਾ ਹਿਸਾਰ

ਅੰਮ੍ਰਿਤ ਕੀਰਤਨ ਰਸਾਲੇ ਦੀ ਦਿਨ ਦੂਗਣੀ ਅਤੇ ਰਾਤ ਚੌਗਣੀ ਤਰੱਕੀ ਲਈ ਅਰਦਾਸ ਕਰਦੇ ਹਾਂ।

ਗੁਰਬਖਸ਼ ਸਿੰਘ
320/9-D ਚੰਡੀਗੜ੍ਹ

# ਗੁਰੂ ਗ੍ਰੰਥ ਸਾਹਿਬ ਦਾ ਪਾਠ[1]

— ਭਾਈ ਕਾਨ੍ਹ ਸਿੰਘ ਨਾਭਾ

---

੧. ਪਾਠ ਦਾ ਸ੍ਵਰ ਅਤੇ ਉਚਾਰਣ ਸਪਸ਼ਟ ਅਰ ਮਨੋਹਰ ਹੋਵੇ[2] ।

੨. ਮਾਤ੍ਰਾ-ਗਯਾਨ ਸਹਿਤ ਸ਼ੁੱਧ ਪਾਠ ਅਰਥ ਵਿਚਾਰ ਨਾਲ ਹੋਵੇ[3] ।

੩. ਛੰਦ ਦੀ ਚਾਲ ਅਨੁਸਾਰ ਵਿਸ਼੍ਰਾਮ ਦਾ ਖਯਾਲ ਰੱਖਿਆ ਜਾਵੇ[4] ।

੪. ਪਾਠ ਵਿੱਚ ਧੰਨ ਗੁਰੂ ਜੀ ! ਵਾਹਿਗੁਰੂ ਜੀ ! ਆਦਿ ਸ਼ਬਦ ਆਖ ਕੇ ਬਾਣੀ ਦਾ ਰਸ ਨਾ ਵਿਗਾੜਿਆ ਜਾਵੇ, ਪਾਠ ਦਾ ਅਖੰਡ ਪ੍ਰਵਾਹ ਚਲਦਾ ਰਹੇ[5] ।

---

੧ ਕਵਿਰਾਜ ਸੰਤ ਨਿਹਾਲ ਸਿੰਘ ਜੀ ਪਾਠ ਦੀ ਮਰਯਾਦਾ ਦੱਸਦੇ ਹਨ –

(ਪਾਠ ਦੀ ਰੀਤਿ)

ਅੰਨ ਕੋ ਬੰਧੇਜ ਬਾਂਧ, ਆਸਨ ਕੋ ਸਾਧ ਬੇਸ਼,
ਗਾਤ ਕੋ ਅਲੋਲ ਸੂਧ ਏਕ ਚਾਲ ਲੀਜਿਯੇ ।
ਚੀਤ ਕੋ ਨਿਰੋਧ ਕੈ ਪ੍ਰਬੋਧ ਕੈ ਪ੍ਰਕਾਸ਼ ਪ੍ਰੇਮ,
ਗਾਦੀ ਨ ਬਿਛਾਇ ਨਾ ਪ੍ਰਯੰਕ ਹਾਥ ਦੀਜਿਯੇ ।
ਖਾਂਸੀ ਕ੍ਰੋਧ ਵਾਰਤਾ ਜੰਭਾਈ ਔ ਡਕਾਰ ਛੀਕ,
ਹਾਸੀ ਸੀਂਢ ਮੰਦ ਪੌਨ ਥੂਕ ਨਾ ਕਰੀਜਿਯੇ ।
ਸਾਤ੍ਵਕੀ ਸੁਭਾਵ ਸੋਂ ਅਕਾਲ ਕੋ ਲਗਾਇ ਧਯਾਨ,
ਗ੍ਰੰਥ ਜੂ ਕੋ ਪਾਠ, ਪਯਾਰੇ ! ਐਸੀ ਭਾਂਤ ਕੀਜਿਯੇ ।

੨ ਮੂੰਹ, ਕੰਠ, ਤਾਲੂਏ ਆਦਿ ਥਾਵਾਂ ਵਿੱਚ ਜੋ ਜੋ ਅੱਖਰ ਬੋਲਦੇ ਹਨ. ਉਨ੍ਹਾਂ ਨੂੰ ਉਨ੍ਹਾਂ ਦੇ ਸਥਾਨਾਂ ਵਿੱਚ ਜਦ ਤਕ ਬੋਲਿਆ ਨਹੀਂ ਜਾਂਦਾ, ਤਦ ਤਕ ਸਹੀ ਉਚਾਰਣ ਨਹੀਂ ਹੋ ਸਕਦਾ । ਲਘੁ, ਗੁਰੁ ਅਤੇ ਪਲੁਤ ਦੇ ਉਚਾਰਨ ਦਾ ਪ੍ਰਕਾਰ ਭੀ ਸਿਖਣਾ ਜ਼ਰੂਰੀ ਹੈ ।

ੳ ਅਤੇ ਹਰੀਅੰ ਕਰੀਅੰ ਪਾਠ ਤਿੰਨ ਮਾਤ੍ਰਾ ਬਿਨ੍ਹਾਂ ਸ਼ੁੱਧ ਨਹੀਂ ਹੈ ।

੩ ਮਾਤ੍ਰਾ ਬਿਨ੍ਹਾ ਅਰਥ ਸਪਸ਼ਟ ਨਹੀਂ ਹੋਂਦਾ, ਜਿਵੇਂ ਜਪੁ ਵਿੱਚ 'ਇਕ' (ਮਾਤ੍ਰਾ ਦਾ ਵਿਚਾਰ) ਸ਼ਬਦ ਇਕ ਗਿਣਤੀ (ਯਕ) ਦਾ ਬੋਧਕ ਹੈ –'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥' 'ਇਕਿ' ਕਈ ਏਕ (ਅਨੇਕ) ਅਰਥ ਰੱਖਦਾ ਹੈ— 'ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥' ਅਤੇ 'ਇਕੁ' ਦਾ ਅਰਥ ਹੈ ਅਦੁਤੀਯ (ਲਾਸਾਨੀ-'ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥' ਐਸੇ ਹੀ ਆਪ, ਆਪਿ, ਆਪੁ ਆਦਿ ਹੋਰ ਅਨੇਕ ਸ਼ਬਦ ਸਮਝ ਲੈਣੇ ਚਾਹੀਏ । ਬਾਣੀ ਵਿੱਚ ਮਾਤ੍ਰਾ ਨਿਰਾਰਥਕ ਨਹੀਂ ਹਨ ।

੪ ਗੁਰੂ ਗ੍ਰੰਥ ਸਾਹਿਬ ਵਾਰਤਿਕ (ਨਸਰ) ਨਹੀਂ, ਸਭ ਛੰਦ ਬਧ (ਨਜ਼ਮ) ਹੈ । ਸ਼ਬਦਾਂ ਦੀ ਚਾਲ ਅਨੁਸਾਰ ਯਤਿ (ਵਿਸ਼੍ਰਾਮ) ਦਾ ਧਯਾਨ ਰੱਖ ਕੇ ਪਾਠ ਕਰਨਾ ਚਾਹੀਏ ।

੫ ਪਾਠ ਦੇ ਆਰੰਭ ਵਿੱਚ ਇਹ ਸ਼ਬਦ ਉਚਾਰਣ ਕਰਨੇ ਉੱਤਮ ਹਨ, ਪਰ ਬਾਣੀ ਦੇ ਪਾਠ ਵਿੱਚ ਨਹੀਂ ਵਰਤਣੇ ਚਾਹੀਏ । ਅਕਸਰ ਅਣਜਾਣ ਪਾਠੀ ਆਪਣੀ ਅਵਿਦਯਾ ਤੇ ਪਰਦਾ ਪਾਣ ਲਈ ਇਹ ਸ਼ਬਦ ਵਰਤਿਆ ਕਰਦੇ ਹਨ ।

੫. ਰਹਾਉ ਸ਼ਬਦ ਨਾਲ ਅੰਗ ਪੜ੍ਹਕੇ 'ਇਕ ਰਹਾਉ' ਪਾਠ ਨਹੀਂ (ਰਹਾਉ) ਕਰਨਾ ਚਾਹੀਏ, ਪਾਠ ਵਿੱਚ ਅੰਗਾਂ ਦਾ ਉਚਾਰਣ ਨਹੀਂ ਹੋਂਦਾ, ਜਿੱਥੇ ਅੱਖਰੀਂ 'ਰਹਾਉ ਦੂਜਾ' ਲਿਖਿਆ ਹੋਵੇ ਉਹ ਪੜ੍ਹਨਾ ਅਯੋਗ ਨਹੀਂ, ਅਰ ਮਹਲਾ ਦੋ ਤਿੰਨ ਦੀ ਥਾਂ ਦੂਜਾ ਤੀਜਾ ਆਦਿ ਉਚਾਰਨ ਕਰਨਾ ਚਾਹੀਏ। ਵੇਖੋ, ਗੂਜਰੀ ਰਾਗ ਵਿੱਚ ਤੀਜੇ ਸਤਿਗੁਰੂ ਦੇ ਸਤਵੇਂ ਸ਼ਬਦ ਦੇ ਮੁਢ 'ਤੀਜਾ'।

੬, ਉਜਰਤ ਦੇ ਕੇ ਪਾਠ ਕਰਾਉਣਾ, ਤੰਤ੍ਰ ਸ਼ਾਸਤ੍ਰ ਦੀ ਦੱਸੀ ਰੀਤਿ ਅਨੁਸਾਰ ਜਪ, ਵਰਣੀਆਂ, ਸਪਤਾਹ ਪਾਠ[1], ਸੰਪਟੁ ਪਾਠ[2], ਖਾਸ (ਸਪਤਾਹ, ਸੰਪਟ ਪਾਠ) ਵੇਲੇ ਅੰਦਰ ਪਾਠ ਦੀ ਸਮਾਪਤੀ, ਨਲੇਰ, ਕਲਸ, ਦਿਨੇ ਦੀਵਾ ਆਦਿ ਸਭ ਕਰਮ ਹਿੰਦੂ ਰੀਤਿ ਦੀ ਨਕਲ ਹੈਨ।

੭. ਪਾਠ ਆਪ ਕਰਨਾ ਚਾਹੀਏ, ਜਾਂ ਆਪਣੇ ਸੰਬੰਧੀਆਂ ਤੋਂ, ਅਥਵਾ ਵਿਦਵਾਨ ਸੱਜਣ ਤੋਂ ਮਨ ਏਕਾਗਰ ਕਰ ਕੇ ਪ੍ਰੇਮ ਨਾਲ ਸੁਣਨਾ ਚਾਹੀਏ। ਨਾਲ ਨਾਲ ਅਰਥ ਦਾ ਵਿਚਾਰ ਭੀ ਹੋਂਦਾ ਰਹੇ।

ਕਈ ਧਰਮਸਥਾਨਾਂ ਦੇ ਮਹੰਤ, ਪੁਜਾਰੀ, ਗ੍ਰੰਥੀ ਪਾਠ ਤਿਆਰ ਕਰ ਰੱਖਦੇ ਹਨ ਜੇ ਕੋਈ ਸ਼ਰਧਾਵਾਨ ਆਖਦਾ ਹੈ ਕਿ ਮੇਰੇ ਲਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਦਿਓ, ਤਾਂ ਉੱਤਰ ਮਿਲਦਾ ਹੈ ਕਿ ਅਸੀਂ ਕਈ ਪਾਠ ਤਿਆਰ ਕੀਤੇ ਹੋਏ ਹਨ। ਆਪ ਕੜਾਹ ਪ੍ਰਸਾਦ, ਰੁਮਾਲ ਨਗਦੀ, ਭੇਟਾ ਅਰਪਨ ਕਰ ਕੇ ਹੁਣੇ ਭੋਗ ਪਵਾ ਸਕਦੇ ਹੋ। ਭੋਲੇ ਸਿੱਖ ਧੰਨ ਭਾਗ ਜਾਣ ਕੇ ਇਸ ਸੌਦੇ ਨੂੰ ਪਸੰਦ ਕਰਦੇ ਹਨ, ਅਰ ਘੜੀ ਅੰਦਰ ਪਾਠ ਦਾ ਮਹਾਤਮ ਖਰੀਦ ਲਿਆ ਜਾਂਦਾ ਹੈ।

੮, ਇਸ ਥਾਂ ਅਖੰਡ ਪਾਠ ਬਾਬਤ ਕੁਛ ਲਿਖਣਾ ਭੀ ਯੋਗਯ (ਅਖੰਡ ਪਾਠ ਪ੍ਰਤੀਤ ਹੋਂਦਾ ਹੈ-

ਖ਼ਾਲਸੇ ਦੇ ਬੁੱਢੇ ਦਲ ਦੀ ਰੀਤਿ ਸੀ ਕਿ ਜਦ ਮੁਹਿੰਮ ਤੇ ਜਾਣ, ਜਾਂ ਹੋਰ ਕਠਿਨ ਕਾਰਜ ਕਰਨ ਦਾ ਮੌਕਾ ਬਣੇ, ਤਦ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਚੜ੍ਹਾਈ ਕੀਤੀ ਜਾਂਦੀ ਸੀ[4]। ਕਦੇ ਕਦੇ ਐਸਾ ਕਰਨ ਵਿਚ ਕਈ ਦਿਨ ਲੱਗ ਜਾਂਦੇ ਸਨ, ਅਰ ਢਿਲ ਪੈਣ ਤੋਂ ਕਈ ਤਰ੍ਹਾਂ ਦੇ ਵਿਘਨ ਹੋ ਜਾਂਦੇ ਸਨ। ਸਿਆਣਿਆਂ ਦੀ ਸਲਾਹ

---

੧ ਸੱਤ ਦਿਨ੍ਹਾਂ ਵਿੱਚ ਪਾਠ ਸਮਾਪਤ ਕਰਨਾ।

੨ ਕਿਸੇ ਤੁਕ ਨੂੰ ਭਾਵਨਾ ਅਨੁਸਾਰ ਫਲ ਦੇਣ ਵਾਲੀ ਮੰਨ ਕੇ ਹਰੇਕ ਸ਼ਬਦ ਅਤੇ ਪੌੜੀ ਸ਼ਲੋਕ ਦੇ ਆਦਿ ਅੰਤ ਦੇ ਕੇ ਪਾਠ ਕਰਨਾ ਸੰਪਟੁ ਪਾਠ ਹੈ। ਜਿਵੇਂ ਸਗਲ ਮਨੋਰਥ ਪੂਰੇ ॥ ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥
ਸਗਲ ਮਨੋਰਥ ਪੂਰੇ ॥

੩ ਕਦੇ ਕਦੇ ਇਹ ਪੜ੍ਹੇ ਹੋਏ ਪਾਠ ਨਹੀਂ ਹੋਂਦੇ, ਕੇਵਲ ਠੱਗ-ਲੀਲ੍ਹਾ ਹੀ ਹੋਇਆ ਕਰਦੀ ਹੈ। ਜੇ ਪੜ੍ਹੇ ਹੋਏ ਭੀ ਹੋਣ ਤਦ ਭੀ ਅਜੇਹੇ ਗੁਰਮਤ ਵਿਰੁੱਧ ਹਨ।

੪ ਰਵਾਨਗੀ ਵੇਲੇ, 'ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ ॥ ਖਵਾਰ ਹੋਇ ਸਭ ਮਿਲੈਂਗੇ ਬਚੈ ਸਰਣ ਜੋ ਹੋਇ ॥'' ਸੂਰਵੀਰਾਂ ਦਾ ਉਤਸ਼ਾਹ ਵਧਾਉਣ ਲਈ ਇਹ ਦੋਹਰਾ ਪੜ੍ਹ ਕੇ ਜੈਕਾਰਾ ਗਜਾਇਆ ਜਾਂਦਾ ਸੀ। ਕਿਸੇ ਪ੍ਰੇਮੀ ਨੇ ਇਹ ਦੋਹਰਾ ਭਾਈ ਪ੍ਰਹਲਾਦ ਸਿੰਘ ਦੇ ਰਹਿਤਨਾਮੇ ਵਿੱਚ ਭੀ ਹੁਣ ਦਰਜ ਕਰ ਦਿੱਤਾ ਹੈ। ਪੁਰਾਣੀ ਲਿਖਤਾਂ ਵਿਚ ਨਹੀਂ ਹੈ।

ਨਾਲ ਅਖੰਡ ਪਾਠ ਦਾ ਪ੍ਰਬੰਧ ਕੀਤਾ ਗਿਆ ਕਿ ੧੩ ਪਹਿਰ ਵਿੱਚ ਭੋਗ ਪਾ ਕੇ ਕਾਰਜ ਆਰੰਭ ਕੀਤਾ ਜਾਵੇ। ਬੁੱਢੇ ਦਲ ਤੋਂ ਤਰੁਣ ਦਲ ਨੇ ਇਹ ਰੀਤਿ ਲਈ ਅਤੇ ਫੇਰ ਸਾਰੇ ਪੰਥ ਵਿੱਚ ਰਿਵਾਜ ਪੈ ਗਿਆ। ਹੌਲੀ ਹੌਲੀ ਅਖੰਡ ਪਾਠ ਤੰਤ੍ਰ ਸ਼ਾਸਤਰ ਦੇ ਦੱਸੇ ਪ੍ਰਯੋਗਾਂ ਵਾਂਗ ਇਕ ਮੰਤ੍ਰ ਜਪ ਹੋ ਗਿਆ। ਉਸੇ ਤਰ੍ਹਾਂ ਅਖੰਡ ਦੀਵਾ, ਧੂਪ, ਕਲਸ਼ ਸਥਾਪਨ, ਨਲੀਏਰ ਆਦਿਕ ਦਾ ਵਰਤਾਉ ਹੋਣ ਲੱਗਾ। ਮਨੋ ਕਾਮਨਾ ਦੀ ਪੂਰਤੀ ਲਈ ਇਹ ਪਾਠ ਉੱਤਮ ਸਾਧਨ ਮੰਨਿਆ ਗਿਆ।

ਗੁਰੂ ਸਾਹਿਬਾਨ ਦੇ ਸਮੇਂ ਕਦੇ ਅਖੰਡ ਪਾਠ ਨਹੀਂ ਹੋਇਆ। ਹੁਣ ਕਈ ਥਾਈਂ ੧੦੧ ਅਖੰਡ ਪਾਠ ਕੀਤੇ ਜਾਂਦੇ ਹਨ। ਪ੍ਰੇਮੀ ਸਿੱਖ ਆਪ ਪੜ੍ਹਨ ਦੀ ਥਾਂ ਭੇਟਾ ਦੇ ਕੇ ਪਾਠ ਕਰਾਉਣਾ ਮਹਾਨ ਪੁੰਨ ਸਮਝਦੇ ਹਨ। ਕਈ ਡਾਕ ਵਿੱਚ ਰੁਪਏ ਭੇਜ ਕੇ ਪਾਠ ਦਾ ਮਹਾਤਮ ਖਰੀਦ ਲੈਂਦੇ ਹਨ।

ਅਜੇਹੇ ਰਸਮੀ ਪਾਠਾਂ ਤੇ ਧਨ ਖਰਚਣ ਦੀ ਥਾਂ, ਜੇ ਵਿਦਯਾ ਦੇ ਪ੍ਰਚਾਰ ਲਈ ਉੱਦਮ ਕੀਤਾ ਜਾਵੇ ਅਤੇ ਅਨੇਕ ਬੋਲੀਆਂ ਵਿੱਚ ਗੁਰਬਾਣੀ ਦਾ ਉਲਥਾ ਕਰ ਕੇ ਸਤਿਗੁਰੂ ਨਾਨਕ ਦਾ ਉਪਦੇਸ਼ ਜਗਤ ਵਿਚ ਫੈਲਾਯਾ ਜਾਵੇ, ਤਦ ਅਖੈ ਪੁੰਨ ਅਤੇ ਲਾਭ ਹੋ ਸਕਦਾ ਹੈ।

੯. ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਉਣ ਵੇਲੇ ਕਈ ਇਹ ਨਿਯਮ ਰੱਖਦੇ ਹਨ ਕਿ ਜੇ ਖੁਸ਼ੀ ਦੇ ਮੌਕੇ ਦਾ ਪਾਠ ਹੋਵੇ, ਤਦ ਭੋਗ ਪਿਛੋਂ ਪੰਜ ਪੌੜੀਆਂ 'ਜਪੁ' ਦੀਆਂ ਪੜ੍ਹਦੇ ਹਨ। ਜੇ ਅਖੰਡ ਪਾਠ ਹੋਵੇ, ਤਦ ਸਾਰੇ 'ਜਪੁ' ਦਾ ਪਾਠ ਕਰਦੇ ਹਨ। ਕਈ 'ਜਪੁ' ਪਿਛੋਂ, ਹਜ਼ਾਰੇ ਸ਼ਬਦ ਮਾਝ ਰਾਗ ਤੋਂ ਸ਼ੁਰੂ ਕਰ ਕੇ ਬਿਲਾਵਲ ਤੇ ਸਮਾਪਤ ਕਰਦੇ ਹਨ।

ਜੇ ਚਲਾਣੇ ਦਾ ਪਾਠ ਹੋਵੇ ਤਦ ਭੋਗ ਪਿੱਛੋਂ ਸਦ ਦਾ ਪਾਠ ਕਰਦੇ ਹਨ। ਪਰ ਇਹ ਸਭ ਮਨ-ਕਲਪਿਤ ਰੀਤਾਂ ਹਨ। ਪਾਠ ਦੀ ਸਮਾਪਤੀ ਮੁੰਦਾਵਣੀ ਤੇ ਜਾਂ 'ਰਾਗ ਮਾਲਾ' ਤੇ ਚਲਦੀ ਸਥਾਨਕ ਰੀਤੀ ਅਨੁਸਾਰ ਹੋ ਜਾਂਦੀ ਹੈ। ਇਸ ਪਿੱਛੋਂ ਕਿਸੇ ਬਾਣੀ ਦੇ ਪੜ੍ਹਨ ਦੀ ਲੋੜ ਨਹੀਂ।

੧੦ ਜੇ ਪਾਠ ਦੇ ਭੋਗ ਪਿਛੋਂ ਹੋਰ ਪਾਠ ਉਸੇ ਸਮੇਂ ਆਰੰਭ ਕਰਨਾ ਹੋਵੇ, ਤਦ ਜਪੁ ਦੀਆਂ ਪੰਜ ਪੌੜੀਆਂ ਜਾਂ ਸਮੇਂ ਅਨੁਸਾਰ 'ਜਪੁ' ਪੜ੍ਹਨਾ ਯੋਗਯ ਹੈ।

੧੧, ਬਹੁਤ ਲੋਕ ਚੰਦਨ ਕੇਸਰ ਦਾ ਤਿਲਕ ਗੁਰੂ ਗ੍ਰੰਥ ਸਾਹਿਬ ਦੇ (ਤਿਲਕ) ਪੱਤ੍ਰਿਆਂ ਤੇ ਕਰਦੇ ਵੇਖੀਦੇ ਹਨ, ਜੋ ਬਹੁਤ ਅਯੋਗਯ ਹੈ। ਦੀਵਾਨ ਵਿਚ ਸੁਗੰਧ ਵਾਲੇ ਫੁੱਲ ਅਤੇ ਧੂਪ ਆਦਿਕ ਪਦਾਰਥ ਵਿਧਾਨ ਕੀਤੇ ਗਏ ਹਨ। (ਫੁੱਲ ਅਤੇ ਧੂਪ)

੧੨, ਪਾਠ ਦੀ ਸਮਾਪਤੀ ਤੇ ਦੀਵੇ ਜਗਾ ਕੇ ਆਰਤੀ ਕਰਨੀ ਭੀ (ਆਰਤੀ) ਹਿੰਦੂ ਰੀਤੀ ਦੀ ਨਕਲ ਹੈ।

੧੩. ਜਿਸ ਗੁਰਦਵਾਰੇ ਵਿੱਚ ਬਹੁਤ ਸੁੰਦਰ ਰੁਮਾਲ ਗੁਰੂ ਗ੍ਰੰਥ ਸਾਹਿਬ (ਰੁਮਾਲ) ਲਈ ਮੌਜੂਦ ਹਨ, ਉੱਥੇ ਭੋਗ ਪੈਣ ਵੇਲੇ ਰੁਮਾਲ ਅਰਪਣਾ ਲਾਭਦਾਇਕ ਨਹੀਂ। ਜਿੱਥੇ ਰੁਮਾਲ ਦੀ ਜ਼ਰੂਰਤ ਹੋਵੇ ਉੱਥੇ ਭੇਟਾ ਕਰਨਾ ਚਾਹੀਏ। ਰੁਮਾਲ ਚੜ੍ਹਾਉਣਾ ਰਸਮ ਨਹੀਂ ਬਣਾ ਲੈਣੀ ਚਾਹੀਏ। ਸਤਿਗੁਰੂ, ਰੁਮਾਲਾਂ ਨਾਲੋਂ ਯਤੀਮਾਂ ਨੂੰ ਵਸਤ੍ਰ ਦੇਣੇ ਜ਼ਿਆਦਾ ਪਸੰਦ ਕਰਦੇ ਹਨ। ਸਰ੍ਹਾਣੇ, ਗੁਦੇਲਾ, ਚਾਂਦਨੀ ਦੂਹਰ ਆਦਿਕ ਸਮਾਨ ਪ੍ਰੇਮੀ ਘੱਟ ਹੀ ਭੇਟਾ ਕਰਦੇ ਦੇਖੇ ਹਨ।

—0—

# ਹਫਤਾਵਾਰੀ ਕੀਰਤਨ ਸਤਿਸੰਗ ਚੰਡੀਗੜ੍ਹ

**Time : 5.30 P.M. to 7.30 P.M**

| | | |
|---|---|---|
| 16-9-90 | ਗਿਆਨੀ ਗੁਰਬਖਸ਼ ਸਿੰਘ ਜੀ | 320/9-D |
| 23-9-90 | Mrs ਲਖਮੀਰ ਸਿੰਘ ਜੀ | 114/18-A |
| 30-9-90 | Brig ਜੇ. ਐਸ. ਖੁਰਾਨਾ<br>(ਮਾਤਾ ਤੇ ਪਿਤਾ ਦੀ ਯਾਦ ਵਿੱਚ) | 48/18-A |
| 7-10-90 | ਗਿਆਨੀ ਗੁਰਬਖਸ਼ ਸਿੰਘ ਜੀ | 320/9-D |
| 14-10-90 | ਸ੍ਰੀ ਜੀ. ਡੀ. ਵਾਸੂਦੇਵਾ | 1208/18-A |
| 21-10-90 | ਸ੍ਰ: ਕਰਤਾਰ ਸਿੰਘ ਦੁੱਗਲ | 35/5-A |
| 28-10-90 | Er. ਕੇ. ਐਸ. ਕੋਹਲੀ | 1521/34-D |

**Time : 5-00 P.M. to 7-00 P.M.**

| | | |
|---|---|---|
| 4-11-90 | ਸ੍ਰ: ਜੀ. ਐਸ. ਬਿੰਦਰਾ | 3250/21-D |
| 11-11-90 | Prof ਐਮ. ਐਸ. ਬੇਦੀ 9.30 to 11.30am. | 47/11-A |
| 11-11-90 | ਸ੍ਰ: ਐਮ. ਐਸ. ਗੁਜਰਾਲ | 1250/18-C |
| 18-11-90 | ਸ੍ਰ: ਪ੍ਰਤਾਪ ਸਿੰਘ ਜੀ | 548/10-D |
| 25-11-90 | ਸ੍ਰ: ਅਮਰਾਉ ਸਿੰਘ ਜੀ ਕੰਗ | 42/28-A |
| 2-12-90 | ਸ੍ਰ: ਅਵਤਾਰ ਸਿੰਘ ਘਈ | 65/9-A |
| 9-12-90 | ਸ੍ਰ: ਕ੍ਰਿਪਾਲ ਸਿੰਘ ਸਾਹਨੀ | 564/18-B |
| 16-12-90 | Mrs Dr ਮੋਹਨ ਲਾਲ ਜੀ | 235/18-A |
| 23-12-90 | Mrs ਲਖਮੀਰ ਸਿੰਘ ਜੀ | 114/ 8-A |
| 30-12-90 | ਸ੍ਰ: ਅਵਤਾਰ ਸਿੰਘ ਜੀ | 1245/18-C |

(Please consult also Sunday Tribune Today's engagemants)

ਪੁੱਛ ਗਿੱਛ—Wg. Cdr. B.S. Phool 216/35-A or Phone-32055

XX

## ਵਿਦਵਾਨ ਸੰਗੀਤਕਾਰ

# ਡਾ: ਦਰਸ਼ਨ ਸਿੰਘ ਨਰੂਲਾ

ਡਾ: ਦਰਸ਼ਨ ਸਿੰਘ ਨਰੂਲਾ ਪੰਜਾਬ ਦੇ ਸੰਗੀਤਕ ਹਲਕਿਆਂ ਵਿੱਚ ਇੱਕ ਸਥਾਪਤ ਨਾਂ ਹੈ। ਪੰਜਾਬ ਦਾ, ਸ਼ਾਇਦ ਹੀ ਅਜਿਹਾ ਕੋਈ ਸੰਗੀਤ-ਵਿਦਿਆਰਥੀ ਹੋਵੇਗਾ ਜਿਸਨੇ ਡਾ: ਨਰੂਲਾ ਦੀਆਂ ਰਚਨਾਵਾਂ ਨੂੰ ਕਿਸੇ ਨ ਕਿਸੇ ਰੂਪ ਵਿੱਚ ਨਾ ਪੜ੍ਹਿਆ ਹੋਵੇ। ਆਪ ਦਾ ਜਨਮ 7 ਅਗਸਤ, 1945 ਨੂੰ ਸ੍ਰ: ਮਿਲਖਾ ਸਿੰਘ ਨਰੂਲਾ ਦੇ ਘਰ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ। ਬਚਪਨ ਤੋਂ ਹੀ ਆਪ ਨੂੰ ਸੰਗੀਤ ਨਾਲ ਵਿਸ਼ੇਸ਼ ਲਗਾਓ ਸੀ ਅਤੇ ਇਸ ਲਗਾਓ ਅਤੇ ਲਗਨ ਸਦਕਾ ਹੀ ਆਪ ਨੇ ਸੰਗੀਤ ਦੇ ਸਿਧਾਂਤਕ ਤੇ ਵਿਹਾਰਕ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀ ਕੀਤੀ। ਸ਼ਾਸ਼ਤਰੀ ਸੰਗੀਤ ਦੀ ਬਾਕਾਇਦਾ ਤਾਲੀਮ ਆਪ ਨੇ ਪੰਡਿਤ ਭੀਮ ਸੈਨ ਸ਼ਰਮਾ ਅਤੇ ਸ੍ਰੀ ਦਲੀਪ ਚੰਦਰ ਵੇਦੀ ਸਾਹਿਬ ਪਾਸੋਂ ਪ੍ਰਾਪਤ ਕੀਤੀ ਅਤੇ ਗਾਇਨ-ਸੰਗੀਤ ਵਿਚ ਐਮ. ਏ., ਪੀ. ਐਚ. ਡੀ. ਅਤੇ ਵਾਦਨ-ਸੰਗੀਤ ਵਿੱਚ ਐਮ. ਏ. ਦੀਆਂ ਡਿਗਰੀਆਂ ਹਾਸਲ ਕੀਤੀਆਂ। ਆਪ ਸ਼ਾਸ਼ਤਰੀ ਗਾਇਨ ਤੋਂ ਇਲਾਵਾ ਸ਼ਬਦ ਅਤੇ ਗ਼ਜ਼ਲ-ਗਾਇਨ ਵਿੱਚ ਵੀ ਵਿਸ਼ੇਸ਼ ਮੁਹਾਰਤ ਰੱਖਦੇ ਹਨ।

ਡਾ: ਨਰੂਲਾ ਨੇ ਪਹਿਲਾਂ ਪਹਿਲ ਮਹਾਰਾਜਾ ਫਰੀਦਕੋਟ ਦੇ ਰਾਜ-ਮਹਿਲ ਵਿੱਚ ਉਨ੍ਹਾਂ ਦੇ ਸ਼ਾਹੀ ਸੰਗੀਤਕਾਰਾਂ ਵਿੱਚ ਪੰਜ ਸਾਲ ਦੇ ਕਰੀਬ ਸ਼ਾਸ਼ਤਰੀ ਗਾਇਕ ਵਜੋਂ ਸੇਵਾ ਕੀਤੀ ਅਤੇ ਪਿਛਲੇ 20 ਸਾਲਾਂ ਤੋਂ ਆਪ ਡੀ. ਏ. ਵੀ. ਕਾਲਜ ਮਲੋਟ ਵਿਖੇ ਸੰਗੀਤ ਵਿਭਾਗ ਦੇ ਮੁਖੀ ਵਜੋਂ ਸੇਵਾ ਨਿਭਾ ਰਹੇ ਹਨ। ਕਾਲਜ ਅਤੇ ਯੂਨੀਵਰਸਿਟੀ ਪੱਧਰ ਦੀਆਂ ਵੱਖ ਵੱਖ ਸੰਗੀਤਕ ਸਰਗਰਮੀਆਂ ਵਿੱਚ ਆਪ ਦੀ ਵਿਲੱਖਣ ਤੇ ਵਰਣਨ ਯੋਗ ਭੂਮਿਕਾ ਰਹੀ ਹੈ। ਆਪ ਪਿਛਲੇ ਕਾਫ਼ੀ ਅਰਸੇ ਤੋਂ ਐਮ. ਏ., ਐਮ. ਫਿਲ਼ ਅਤੇ ਪੀ. ਐਚ ਡੀ. ਦੇ ਸੰਗੀਤ ਵਿਦਿਆਰਥੀਆਂ ਅਤੇ ਖੋਜ-ਵਿਦਿਆਰਥੀਆਂ ਨੂੰ ਸੇਧ ਪ੍ਰਦਾਨ ਕਰਦੇ ਆ ਰਹੇ ਹਨ। ਆਪ ਤੋਂ ਸਿਖਿਆ-ਪ੍ਰਾਪਤ ਕਈ ਵਿਦਿਆਰਥੀ ਪੰਜਾਬੀ ਸੰਗੀਤ-ਜਗਤ ਵਿੱਚ ਆਪਣੀ ਪਛਾਣ ਬਣਾ ਚੁੱਕੇ ਹਨ।

ਭਾਰਤੀ ਸੰਗੀਤ ਕਲਾ ਨਾਲ ਸੰਬੰਧਤ ਗਿਣਾਤਮਕ ਤੌਰ ਤੇ ਸਭ ਤੋਂ ਵੱਧ ਯੋਗਦਾਨ ਦੇਣ ਵਾਲੇ ਸਿੱਖ ਲੇਖਕ ਹੋਣ ਦਾ ਆਪ ਨੂੰ ਮਾਣ ਹਾਸਲ ਹੈ। ਆਪ ਦੀਆਂ ਦੋ ਦਰਜਨ ਦੇ ਲਗਭੱਗ ਪੁਸਤਕਾਂ ਵਿੱਚੋਂ 'ਸਿੱਖ ਗੁਰੂਓਂ ਕੀ ਭਾਰਤੀਯ ਸੰਗੀਤ ਕੋ ਦੇਨ (ਹਿੰਦੀ), ਸੰਗੀਤ ਸਮੀਖਿਆ, ਸੰਗੀਤ ਸਿਧਾਂਤ ਤੇ ਸੁਹਜ ਸ਼ਾਸ਼ਤਰ ਅਤੇ ਸੰਗੀਤ ਚੇਤਨਾ ਵਿਸ਼ੇਸ਼ ਵਰਣਨ ਯੋਗ ਹਨ। ਆਪ ਦੀ ਪੁਸਤਕ 'ਸੰਗੀਤ ਸਮੀਖਿਆ' ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਗੁਰਬਖਸ਼

ਸਿੰਘ 'ਪ੍ਰੀਤ ਲੜੀ' ਪੁਰਸਕਾਰ ਵੀ ਮਿਲ ਚੁੱਕਾ ਹੈ। ਸੰਗੀਤ ਨਾਲ ਸੰਬੰਧਤ ਵੱਖ ਵੱਖ ਸੈਮੀਨਾਰਾਂ ਵਿੱਚ ਆਪ ਦੇ ਕਈ ਖੋਜ ਪੱਤਰ ਕਾਫ਼ੀ ਸਲਾਹੇ ਜਾਂਦੇ ਰਹੇ ਹਨ। ਪੰਡਿਤ ਵਿਸ਼ਣੂ ਦਿਗੰਬਰ ਪੁਰਸਕਰ (ਹਿੰਦੀ) ਸੰਬੰਧੀ ਆਪ ਦੀ ਪੁਸਤਕ ਛੇਤੀ ਹੀ ਛਪ ਰਹੀ ਹੈ। ਨਿਸਚੇ ਹੀ ਡਾ: ਨਰੂਲਾ ਪੰਜਾਬ ਦੇ ਸੰਗੀਤਕਾਰਾਂ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਭਾਰਤ ਤੇ ਖ਼ਾਸ ਕਰ ਪੰਜਾਬ ਵਿੱਚ ਸੰਗੀਤ ਕਲਾ ਦੇ ਪ੍ਰਕਾਰ, ਪ੍ਰਸ ਰ ਤੇ ਵਿਕਾਸ ਵਿੱਚ ਆਪ ਦੇ ਹੋਰ ਯੋਗਦਾਨ ਦੀ ਆਸ ਨਾਲ ਅਸੀਂ ਆਪ ਦੀ ਚੜ੍ਹਦੀ ਕਲਾ ਦੀ ਤਮੰਨਾ ਕਰਦੇ ਹਾਂ।

— 0 —

# ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਦੀ ਗਿਣਤੀ ਦਾ ਸੁਆਲ

ਪ੍ਰੋ. ਹਰਭਜਨ ਸਿੰਘ 'ਖਾਲਸਾ'

ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦੇ ਗਾਇਨ ਨੂੰ ਸਿੱਖ ਧਰਮ ਵਿੱਚ ਕੀਰਤਨ ਦੀ ਸੰਗਿਆ ਦਿੱਤੀ ਜਾਂਦੀ ਹੈ । ਭਾਵੇਂ ਭਾਰਤ ਦੇਸ਼ ਵਿੱਚ ਕੀਰਤਨ ਕਰਨ ਦੀ ਰੀਤ ਸਿੱਖ ਧਰਮ ਤੋਂ ਕਿਤੇ ਪੁਰਾਣੀ ਹੈ, ਪਰ ਕੀਰਤਨ ਕਰਨ ਦੀ ਜੋ ਮਰਯਾਦਾ ਤੇ ਮਹਾਨਤਾ ਸਿੱਖ ਧਰਮ ਨੇ ਸਥਾਪਿਤ ਕੀਤੀ ਹੈ ਉਸਦੀ ਮਿਸਾਲ ਭਾਰਤ ਦੇ ਕੀ ਪੂਰੇ ਵਿਸ਼ਵ ਦੇ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ । 'ਕੀਰਤਨ ਨਿਰਮੋਲਕ ਹੀਰਾ' 'ਕਲਿਜੁਗਿ ਮਹਿ ਕੀਰਤਨ ਪਰਧਾਨਾ' ਜਿਹੇ ਅਨੇਕਾਂ ਗੁਰਵਾਕ ਕੀਰਤਨ ਨੂੰ ਆਤਮਿਕ ਉਸਾਰੀ ਲਈ ਸਰਵੋਤਮ ਮਾਰਗ ਪ੍ਰਮਾਣਿਤ ਕਰਦੇ ਹਨ । ਕਿਉਂਕਿ ਸਿੱਖ ਧਰਮ ਵਿਚ ਕੀਰਤਨ ਨੂੰ ਪ੍ਰਭੂ ਪ੍ਰਾਪਤੀ ਦਾ ਸਰਵ ਸ੍ਰੇਸ਼ਟ ਰਸਤਾ ਮੰਨਿਆ ਗਿਆ ਹੈ ਅਤੇ ਕੀਰਤਨ ਦਾ ਸਿੱਧਾ ਸੰਬੰਧ ਰਾਗਾਂ ਨਾਲ ਹੈ, ਇਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਆਦਿ ਅਤੇ ਅੰਤ ਦੀਆਂ ਕੁਝ ਕੁ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੀ ਬਾਣੀ ਵੱਖ ਵੱਖ ਰਾਗਾਂ ਵਿਚ ਦਰਜ ਕੀਤੀ ਗਈ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਚ 31 ਰਾਗਾਂ ਦੀ ਸੂਚੀ ਹੈ ਅਤੇ ਗੁਰੂ ਗ੍ਰੰਥ ਵਿਚ 31 ਹੀ ਅਜਿਹੇ ਪ੍ਰਮੁੱਖ ਸਿਰਲੇਖ ਹਨ ਜਿੱਥੋਂ ਨਵੇਂ ਰਾਗਾਂ ਦੀ ਆਰੰਭਤਾ ਸਪਸ਼ਟ ਤੌਰ ਤੇ ਨਿਸ਼ਚਿਤ ਕੀਤੀ ਜਾ ਸਕਦੀ ਹੈ । ਫਿਰ ਭੀ ਇਹਨਾਂ ਪ੍ਰਮੁੱਖ ਰਾਗਾਂ ਦੇ ਅਧੀਨ ਗੁਰੂ ਗ੍ਰੰਥ ਸਾਹਿਬ ਵਿਚ ਕੁਛ ਹੋਰ ਮਿਸ੍ਰਿਤ ਤੇ ਸੁਤੰਤਰ ਰਾਗ ਹਨ ਜਿਹਨਾਂ ਦੀ ਗਿਣਤੀ ਕਰਨੀ ਕੁਛ ਹੱਦ ਤੱਕ ਇਕ ਜਟਿਲ ਸਮੱਸਿਆ ਹੈ । ਕਿਤੇ ਕਿਤੇ ਛੰਦ ਤੇ ਰਾਗ ਦੇ ਸੂਚਕ ਸ਼ਬਦਾਂ ਦਾ ਨਿਖੇੜਾ ਕਰਨਾ ਮੁਸ਼ਕਿਲ ਹੈ ਅਤੇ ਕਦੇ ਇਹ ਸਮੱਸਿਆ ਆ ਜਾਂਦੀ ਹੈ ਕਿ ਰਾਗ ਦੇ ਅਧੀਨ ਕੀਤੇ ਕਿਸੇ ਰਾਗ ਦਾ ਮਿਸ਼ਰਤ ਰੂਪ ਵਰਤਿਆ ਹੈ ਜਾਂ ਸੁਤੰਤਰ ਰੂਪ ।

ਸਾਹਿਤਕਾਰਾਂ ਨੇ ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਾਲੇ 31 ਰਾਗ ਹੀ ਮੰਨੇ । ਕਈ ਵਿਦਵਾਨਾਂ ਨੇ ਸੰਗੀਤ ਦਾ ਗਿਆਨ ਨਾ ਹੋਣ ਕਾਰਨ ਖੋਜ ਦੀ ਲਾਲਸਾ ਅਧੀਨ ਰਾਗਾਂ ਬਾਰੇ ਚੋਖੀ ਗਲਤ ਜਾਣਕਾਰੀ ਦਿੱਤੀ ਹੈ ਅਤੇ ਕਈਆਂ ਨੇ ਸਿਰਫ ਰਾਗਾਂ ਦੀ ਲਿਸਟ ਸਭ ਤੋਂ ਲੰਬੀ ਕਰਨ ਹਿੱਤ ਉਕਤੀ ਯੁਕਤੀ ਮਨੋਕਲਪਿਤ ਰਾਗਾਂ ਦੀ ਹੋਂਦ ਸਵੀਕਾਰ ਕਰ ਲਈ ਹੈ । ਅਗਸਤ 1989 ਦੇ ਸੱਚਖੰਡ ਪੱਤਰ ਵਿਚ ਸਰਦਾਰ ਨਿਰਵੈਰ ਸਿੰਘ 'ਅਰਸ਼ੀ' ਅਤੇ ਡਾ. ਰਮਿੰਦਰ ਸਿੰਘ ਦਾ 'ਗੁਰਬਾਣੀ ਸ਼ਬਦ ਜੋੜਾਂ ਅਤੇ ਅੰਕਾਂ ਸੰਬੰਧੀ ਕੁਝ ਅਹਿਮ ਭੁਲੇਖੇ' ਨਾਮੀ ਲੇਖ ਪ੍ਰਕਾਸ਼ਿਤ ਹੋਇਆ । ਇਸ ਲੇਖ ਵਿੱਚ ਉਹਨਾਂ ਰਾਗਾ ਦੀ ਗਿਣਤੀ ਸੰਬੰਧੀ ਵਿਦਵਾਨਾਂ ਦੀ ਅੱਡ ਅੱਡ ਰਾਏ ਤੇ ਅਫਸੋਸ ਪ੍ਰਗਟ ਕਰਦਿਆਂ ਲਿਖਿਆ ਕੁਝ ਲੇਖਕ ਤਾਂ ਜਾਣੇ

ਅਣਜਾਣੇ ਇਹ ਹਠ ਕਰੀ ਬੈਠੇ ਹਨ ਕਿ ਰਾਗਾਂ ਦੀ ਗਿਣਤੀ ਕੇਵਲ 31 ਹੈ । ਦੂਜੇ ਕਈ ਲੇਖਕ ਇਹ ਗਿਣਤੀ 48 ਦੱਸਦੇ ਹਨ ਅਤੇ ਕਈ 62 ਵੀ। ਉਹਨਾਂ ਅਨੁਸਾਰ ਸ਼ਹੀਦ ਸਿੱਖ ਮਿਸ਼ਨਰੀ ਕਾਲਿਜ ਦੇ ਸਾਬਕਾ ਪ੍ਰਿੰਸੀਪਲ ਹਰਭਜਨ ਸਿੰਘ 48 ਡਾ. ਸੁਰਿੰਦਰ ਸਿੰਘ ਕੋਹਲੀ 45, ਡਾ. ਦਵਿੰਦਰ ਸਿੰਘ ਵਿਦਿਆਰਥੀ 60 ਅਤੇ ਡਾ. ਮਹਿੰਦਰ ਕੌਰ ਗਿੱਲ 62 ਰਾਗ ਮੰਨਦੇ ਹਨ। ਇਸ ਲੇਖ ਵਿਚ ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ 14 ਵਿਚ ਗਉੜੀ ਗੁਆਰੇਰੀ ਸ੍ਰੀ ਰਾਗ ਸਥਾਪਿਤ ਕਰਨ ਨਟ ਨਾਰਾਇਨ ਤੇ ਨਟ ਨਾਰਾਇਣ ਨੂੰ ਭਿੰਨ ਰਾਗ ਮੰਨਣ, ਰਾਮਕਲੀ ਅਨੰਦੁ ਨੂੰ ਰਾਮਕਲੀ ਰਾਗ ਦੀ ਇਕ ਹੋਰ ਵਨੰਗੀ ਮੰਨਣ ਦਾ ਵਰਨਣ ਕਰਨ ਦੇ ਨਾਲ ਨਾਲ ਇਹ ਭੀ ਜਾਣਕਾਰੀ ਦਿੱਤੀ ਹੈ ਕਿ ਕੁਝ ਹੋਰ ਵਿਦਵਾਨਾਂ ਨੇ ਗਉੜੀ ਸੁਖਮਨੀ, ਗਉੜੀ ਬਾਵਨ ਅੱਖਰੀ ਅਤੇ ਗਉੜੀ ਥਿੱਤੀ ਨੂੰ ਗਉੜੀ ਦੇ ਮਿਸ੍ਰਿਤ ਰੂਪ ਦਸਿਆ ਹੈ । ਇਹੋ ਜਿਹੀਆਂ ਗੱਲਾਂ ਜਿੱਥੇ ਲੇਖਕ ਦੇ ਅਗਿਆਨ ਦੀਆਂ ਸੂਚਕ ਹੁੰਦੀਆਂ ਹਨ ਉੱਥੇ ਇਹ ਖੋਜ ਘਾਤਕ ਭੀ ਹੁੰਦੀ ਹੈ । ਇਸ ਕਰਕੇ ਅਜਿਹੀਆਂ ਗੱਲਾਂ ਲਿਖਣ ਨਾਲੋਂ ਘੱਟ ਲਿਖਣਾ ਜ਼ਿਆਦਾ ਲਾਹੇਵੰਦ ਹੈ । ਇਸ ਲੇਖ ਦਾ ਨਿਰਾਸ਼ਾਜਨਕ ਪਹਿਲੂ ਇਹ ਹੈ ਕਿ ਬੁਧੀਮਾਨ ਲਿਖਾਰੀਆਂ ਨੇ ਜਿੱਥੇ ਇਕ ਠੋਸ ਸਮਸਿਆ ਵਲ ਸਾਡਾ ਧਿਆਨ ਆਕਰਸ਼ਿਤ ਕੀਤਾ ਹੈ ਉੱਥੇ ਆਪ ਇਸ ਸਮਸਿਆ ਦੇ ਸਮਾਧਾਨ ਲਈ ਕੋਈ ਪ੍ਰਯਾਸ ਨਹੀਂ ਕੀਤਾ ।

ਰਾਗਾਂ ਦੀ ਗਿਣਤੀ ਦੇ ਸੰਬੰਧ ਵਿਚ ਸਵਰਗਵਾਸੀ ਪ੍ਰੋ. ਤਾਰਾ ਸਿੰਘ ਦਾ ਲੇਖ 'ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ' ਨੂੰ ਇਕ ਉਤਮ ਰਚਨਾ ਕਿਹਾ ਜਾ ਸਕਦਾ ਹੈ । ਉਹ ਆਪੂੰ ਇਕ ਸੁਘੜ ਪ੍ਰਬੀਨ ਸੰਗੀਤਕਾਰ ਸਨ, ਜਿਹਨਾਂ ਦਾ ਸੰਗੀਤ ਦੇ ਸ਼ਾਸਤਰ ਅਤੇ ਕ੍ਰਿਆਤਮਕ ਪੱਖ ਤੇ ਸਮਾਨ ਅਧਿਕਾਰ ਸੀ। ਪ੍ਰੋ. ਤਾਰਾ ਸਿੰਘ ਜੀ ਕਹਿੰਦੇ ਹਨ ਕਿ ਸੰਗੀਤ ਦੇ ਸ਼ਾਸਤ੍ਰਿਕ ਪੱਖ ਦੇ ਜਾਣਕਾਰ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਵਿਸ਼ੇਸ਼ਤਾ ਤੋਂ ਅਨਭਿੱਗ ਸਨ ਤੇ ਕ੍ਰਿਆਤਮਕ ਪੱਖੀ ਸ਼ਾਸਤਰ ਪੱਖੋਂ ਕੋਰੇ ਸਨ, ਇਸ ਕਰਕੇ ਅਸੀਂ ਹੁਣ ਤਕ ਇਸ ਮਹਾਸਾਗਰ ਦੀਆਂ ਗਹਿਰਾਈਆਂ ਵਿਚ ਜਾਣ ਦੀ ਥਾਂ ਇਸ ਦੇ ਕਿਨਾਰੇ ਖੜੇ ਲਹਿਰਾਂ ਹੀ ਗਿਣਦੇ ਰਹੇ ਹਾਂ । ਗੁਰਬਾਣੀ ਦੇ ਆਧੁਨਿਕ ਗਾਇਨ ਪਾਤਰਾਂ, ਸਿੱਖ ਸਕਾਲਰਾਂ, ਕਥਾਕਾਰਾਂ ਜਾਂ ਇਸ ਦੇ ਪ੍ਰਾਧੀਕਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਜਾਂ ਰਾਗ ਭੇਦ ਨੂੰ ਹਾਲੀ ਪਛਾਤਾ ਹੀ ਨਹੀਂ ਉਹਨਾਂ ਅਨੁਸਾਰ ਗੁਰਮਤਿ ਸੰਗੀਤ ਦੇ ਖੇਤਰ ਵਿਚ ਹੁਣ ਤਕ ਡਾ. ਚਰਨ ਸਿੰਘ, ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ ਨਾਭਾ, ਡਾ. ਤਾਰਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਸ਼ੇਰ ਸਿੰਘ, ਡਾ. ਸੁਰੈਣ ਸਿੰਘ, ਡਾ. ਅਜੀਤ ਸਿੰਘ ਪੈਂਤਲ, ਸ. ਪਿਆਰਾ ਸਿੰਘ ਪਦਮ, ਸ. ਜੋਗਿੰਦਰ ਸਿੰਘ ਸੋਢੀ, ਡਾ. ਦਰਸ਼ਨ ਸਿੰਘ ਨਰੂਲਾ ਨੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਗਿਣਤੀ 31 ਤਕ ਸੀਮਿਤ ਕੀਤੀ ਹੈ। (ਹਾਲਾਂਕਿ ਮੇਰੀ ਜਾਣਕਾਰੀ ਮੁਤਾਬਿਕ ਭਾਈ ਕਾਹਨ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਜਾਣਕਾਰੀ ਭੀ ਸੀ ਉਹਨਾਂ ਹਿੰਡਲ ਲਈ ਲਿਖਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖਰਾ ਨਹੀਂ ਆਇਆ ਪਰ ਬਸੰਤ ਨਾਲ ਮਿਲਾਕੇ ਲਿਖਿਆ

ਹੈ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਭੀ 31 ਰਾਗਾਂ ਦੇ ਅਧੀਨ ਕਈ ਹੋਰ ਰਾਗਾਂ ਦਾ ਵਰਣਨ ਆਪਣੀ ਪੁਸਤਕ ਵਿਚ ਕੀਤਾ ਹੈ।)

ਪਰੰਪਰਾਗਤ ਗਿਣਤੀ ਤੇ ਹੀ ਕਟਾਕਸ਼ ਕਰਦਿਆਂ ਸ੍ਰੀ ਯੋਗੇਂਦਰ ਪਾਲ ਸ਼ਰਮਾ ਅਤੇ ਸ੍ਰੀ ਬਚਿੱਤਰ ਸਿੰਘ ਭਾਰਤੀ ਸੰਗੀਤ ਦਾ ਇਤਿਹਾਸ ਨਾਮੀ ਪੁਸਤਕ ਵਿਚ ਲਿਖਦੇ ਹਨ ਗੁਰਮਤਿ ਦੇ ਖੋਜੀ ਵਿਦਵਾਨ ਤੇ ਸਾਹਿਤਕਾਰਾਂ ਨੇ ਇਸ ਸੰਬੰਧੀ (ਰਾਗਾਂ ਦੀ ਗਿਣਤੀ ਸੰਬੰਧੀ) ਸੰਗੀਤ ਸ਼ਾਸਤਰ ਅਨੁਸਾਰ ਖੋਜ ਨਹੀਂ ਕੀਤੀ। ਇਹੋ ਕਾਰਨ ਹੈ ਕਿ ਗੁਰਮਤਿ ਦੇ ਪਰ ਧਿਕਾਰੀਆਂ ਨੇ ਇਸ ਗ੍ਰੰਥ ਦੇ ਰਾਗਾਂ ਦੀ ਕੁਲ ਗਿਣਤੀ 31 ਹੀ ਮੰਨੀ ਹੈ।"

ਇਹ ਠੀਕ ਹੈ ਕਿ ਸਿੱਖ ਧਰਮ ਵਿਚ ਕੀਰਤਨ ਦੀ ਦਰਸਾਈ ਮਹਾਨਤਾ ਦੇ ਮੁਕਾਬਲੇ ਸਿੱਖਾਂ ਵਿਚ ਸੰਗੀਤ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦਾ ਬਹੁਤ ਘੱਟ ਸ਼ੌਕ ਹੈ। ਪਰ ਕਿਸੇ ਵਿਦਵਾਨ ਦੀ ਇਹ ਧਾਰਨਾ ਕਿ ਉਸਨੇ ਅੱਜ ਪਹਿਲੀ ਵਾਰੀ 31 ਤੋਂ ਵਧ ਰਾਗ ਗੁਰੂ ਗ੍ਰੰਥ ਸਾਹਿਬ ਵਿਚੋਂ ਖੋਜ ਲਏ ਹਨ। ਕੁਛ ਧੱਕਾਜ਼ੋਰੀ ਪ੍ਰਤੀਤ ਹੁੰਦੀ ਹੈ। ਗੁਰਬਾਣੀ ਸੰਗੀਤ ਨੂੰ ਸਰਦਾਰ ਗਿਆਨ ਸਿੰਘ 'ਐਬਟਾਬਾਦ' ਲੇਖਕ ਗੁਰਬਾਣੀ ਸੰਗੀਤ ਅਤੇ ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਲੇਖਕ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੀ ਉਤਨੀ ਹੀ ਵੱਡੀ ਦੇਣ ਹੈ ਜਿਤਨੀ ਹਿੰਦੁਸਤਾਨੀ ਸੰਗੀਤ ਨੂੰ ਸ੍ਰੀ ਵਿਸ਼ਨੂੰ ਨਾਰਾਇਣ ਭਾਤਖੰਡੇ ਦੀ। ਸ. ਐਬਟਾਬਾਦੀ ਦੀ ਪੁਸਤਕ ਦੇ ਪਹਿਲੇ ਦੋ ਭਾਗਾਂ ਵਿਚ 119 ਰਾਗਾਂ ਦੀਆਂ 309 ਸ਼ਬਦ ਰੀਤਾਂ ਜਿਹਨਾਂ ਵਿਚੋਂ 20 ਪੜਤਾਲਾਂ ਹਨ ਅਤੇ ਤੀਜੇ ਭਾਗ ਵਿਚ ਸੰਗੀਤ ਦੇ ਸ਼ਾਸਤਰੀ ਸਿਧਾਂਤਾਂ ਦੀ ਚਰਚਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ 31 ਰਾਗਾਂ ਤੋਂ ਇਲਾਵਾ ਉਹਨਾਂ ਗਉੜੀ-ਪੂਰਬੀ, ਗਉੜੀ-ਚੇਤੀ, ਗਉੜੀ-ਲਲਿਤਾ, ਆਸਾਵਰੀ, ਸੂਹੀ ਲਲਿਤ, ਨਟ, ਬਸੰਤ-ਹਿੰਡੋਲ, ਬਿਭਾਸ ਸਮੇਤ ਰਾਗਾਂ ਦੇ ਹੋਰ ਭਿੰਨ ਭਿੰਨ ਸਰੂਪਾਂ ਵਿਚ ਨੋਟੇਸ਼ਨ ਰੂਪ ਬੇਮਿਸਾਲ ਸਾਮੱਗਰੀ ਕੀਰਤਨਕਾਰਾਂ ਦੇ ਮਾਰਗ ਦਰਸ਼ਨ ਹਿੱਤ ਸੰਕਲਿਤ ਕੀਤੀ ਹੈ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ ਨੇ 100 ਤੋਂ ਵੱਧ ਰਾਗਾਂ ਵਿਚ ਗੁਰੂ ਘਰ ਦੀ ਪ੍ਰਮਾਣੀਕ ਪ੍ਰਾਚੀਨ ਸਾਮੱਗਰੀ ਨੂੰ ਕੋਈ 500 ਦੇ ਕਰੀਬ ਰੀਤਾਂ ਦੇ ਰੂਪ ਵਿਚ ਗੁਰਬਾਣੀ ਸੰਗੀਤ ਦੀ ਸੇਵਾ ਨਮਿੱਤ ਅਥੱਕ ਯਤਨਾਂ ਨਾਲ ਇਕੱਤਰ ਕੀਤਾ ਤੇ ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਪ੍ਰਕਾਸ਼ਿਤ ਕਰਨ ਦਾ ਸ੍ਰੇਯ ਪ੍ਰਾਪਤ ਕੀਤਾ। ਉਹਨਾਂ ਗਉੜੀ-ਪੂਰਬੀ, ਗਉੜੀ-ਸੋਰਠਿ ਗਉੜੀ-ਚੇਤੀ, ਗਉੜੀ-ਬੈਰਾਗਣਿ, ਗਉੜੀ-ਮਾਲਾ, ਗਉੜੀ-ਮਾਝ, ਗਉੜੀ-ਗੁਆਰੇਰੀ, ਆਸਾਵਰੀ, ਸੂਹੀ-ਲਲਿਤ, ਨਟ, ਬਸੰਤ-ਹਿੰਡੋਲ, ਬਿਭਾਸ ਜਿਹੇ ਰਾਗਾਂ ਵਿਚ ਪ੍ਰਾਚੀਨ ਸ਼ਬਦ ਰੀਤਾਂ ਦੇ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਬਹੁਤ ਪੁਰਾਣੇ ਰਾਗੀ ਸਿੰਘਾਂ ਨੂੰ ਭੀ 31 ਰਾਗਾਂ ਤੋਂ ਛੁੱਟ ਗੁਰੂ ਗ੍ਰੰਥ ਸਾਹਿਬ ਦੇ ਹੋਰ ਰਾਗਾਂ ਦੀ ਜਾਣਕਾਰੀ ਸੀ। ਉਹਨਾਂ ਜਿੱਥੇ ਭਿੰਨ ਭਿੰਨ ਤਾਲਾਂ ਦੀਆਂ ਅੱਡ ਅੱਡ ਲੈਆਂ ਵਿਚ ਸਾਨੂੰ ਸ਼ਬਦ ਰੀਤਾਂ ਦਾ ਅਦੁੱਤੀ ਖਜ਼ਾਨਾ ਦਿੱਤਾ ਹੈ, ਉੱਥੇ ਉਹਨਾਂ ਰਾਗਾਂ ਦੇ ਪ੍ਰਾਚੀਨ ਤੇ ਨਵੀਨ ਰੂਪ ਵਾਰਾਂ ਦੀਆਂ ਧੁਨੀਆਂ, ਕਠਿਨ ਪੜਤਾਲਾਂ ਤੇ ਸ਼ਬਦ ਗਾਇਕੀ ਦੇ ਕਈ ਰੂਪ ਭੀ ਕਲਮ ਬੰਦ ਕੀਤੇ ਹਨ। ਭਾਈ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ 44 ਰਾਗਾਂ ਦੀ

ਗਿਣਤੀ ਨੂੰ ਸਵੀਕਾਰ ਕੀਤਾ ਹੈ। ਗੁਰਬਾਣੀ ਸੰਗੀਤ ਸੰਬੰਧੀ ਚਰਚਾ ਕਰਦਿਆਂ ਇਹਨਾਂ ਵਿਦਵਾਨਾਂ ਦਾ ਨਾਮ ਜਾਂ ਤਾਂ ਜਾਣਕਾਰੀ ਦੀ ਘਾਟ ਕਰਕੇ ਛੱਡਿਆ ਜਾ ਸਕਦਾ ਹੈ ਜਾਂ ਫਿਰ ਕਦੇ ਕਦੇ ਬਹੁਤੇ ਪ੍ਰਤਾਪੀ ਵਿਅਕਤੀਆਂ ਦਾ ਨਾਮ ਸਿਆਣੇ ਲੋਕ ਚਾਲਾਕੀ ਨਾਲ ਛੱਡ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਸਭ ਤੋਂ ਵੱਧ ਗਿਣਤੀ ਪ੍ਰੋ. ਤਾਰਾ ਸਿੰਘ ਜੀ ਨੇ ਕੀਤੀ ਹੈ ਉਹਨਾਂ ਇਹ ਗਿਣਤੀ 63 ਤਕ ਵਧਾਈ ਹੈ। ਡਾ. ਮਹਿੰਦਰ ਕੌਰ ਗਿੱਲ ਤੇ ਕੁਛ ਹੋਰ ਵਿਦਵਾਨਾਂ ਨੇ ਇਹ ਗਿਣਤੀ 42 ਭੀ ਮੰਨੀ ਹੈ। ਭਾਰਤੀ ਸੰਗੀਤ ਦਾ ਇਤਿਹਾਸ ਪੁਸਤਕ ਦੇ ਕਰਤਾ ਸ੍ਰੀ ਯੋਗੇਂਦਰ ਪਾਲ ਅਤੇ ਸ੍ਰੀ ਬਚਿੱਤਰ ਸਿੰਘ ਨੇ ਗੁਰਬਾਣੀ ਸੰਗੀਤ ਸੰਬੰਧੀ ਸ਼ਾਲਾਘਾ ਯੋਗ ਪ੍ਰਯਤਨ ਕੀਤੇ ਹਨ, ਉਹਨਾਂ ਗੁਰੂ ਗ੍ਰੰਥ ਸਾਹਿਬ ਵਿਚ 60 ਰਾਗਾਂ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ। ਪ੍ਰੋ. ਤਾਰਾ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੇ ਦੋ ਵਰਗ ਨਿਰਧਾਰਿਤ ਕੀਤੇ ਹਨ ਕਿ ਪਹਿਲੇ ਵਰਗ ਵਿੱਚ ਉਹਨਾਂ ਨਿਰਵਿਵਾਦ ਰਾਗ ਰੱਖੇ ਹਨ। ਇਸ ਵਰਗ ਵਿਚ ਹੇਠਾਂ ਦਿੱਤੇ 17 ਰਾਗ ਇਸ ਪ੍ਰਕਾਰ ਹਨ :—

1. ਸਿਰੀ ਰਾਗ 2. ਮਾਝ 3. ਗੂਜਰੀ 4. ਬਿਹਾਗੜਾ 5. ਸੋਰਠਿ 6. ਧਨਾਸਰੀ 7. ਜੈਤਸਰੀ 8. ਟੋਡੀ 9. ਬੈਰਾੜੀ 10. ਮਾਲੀ ਗਉੜਾ 11. ਤੁਖਾਰੀ 12. ਕੇਦਾਰਾ 13. ਭੈਰਉ 14. ਸਾਰੰਗ 15. ਮਲਾਰ 16. ਕਾਨੜਾ 17. ਜੈਜਾਵੰਤੀ (ਗੁਰੂ ਗ੍ਰੰਥ ਵਿਚ ਜੈਜਾਵੰਤੀ ਲਿਖਿਆ ਹੈ)।

ਵਰਗੀਕਰਣ ਦੇ ਦੂਸਰੇ ਭਾਗ ਵਿਚ ਉਹਨਾਂ ਦੇ ਕਥਨ ਅਨੁਸਾਰ ਵਿਵਾਦਗ੍ਰਸਤ ਰਾਗ ਰੱਖੇ ਹਨ। ਇਹਨਾਂ 46 ਰਾਗਾਂ ਦਾ ਵੇਰਵਾ ਉਹਨਾਂ ਇਸ ਤਰ੍ਹਾਂ ਦਿੱਤਾ ਹੈ :—

1. ਗਉੜੀ ਗੁਆਰੇਰੀ 2. ਗਉੜੀ 3. ਗਉੜੀ ਦੱਖਣੀ 4. ਗਉੜੀ ਚੇਤੀ 5. ਗਉੜੀ ਬੈਰਾਗਣਿ 6. ਗਉੜੀ ਪੂਰਬੀ ਦੀਪਕੀ 7. ਗਉੜੀ ਦੀਪਕੀ 8. ਗਉੜੀ ਪੂਰਬੀ 9. ਗਉੜੀ ਮਾਝ 10. ਗਉੜੀ ਮਾਲਵਾ 11. ਗਉੜੀ ਮਾਲਾ 13. ਆਸਾ 14. ਆਸਾ ਕਾਫੀ 15. ਆਸਾਵਰੀ 16. ਦੇਵ-ਗੰਧਾਰੀ 17. ਦੇਵਗੰਧਾਰ 18. ਵਡਹੰਸ 19. ਵਡਹੰਸ ਦਖਣੀ 20. ਤਿਲੰਗ 21. ਤਿਲੰਗ ਕਾਫੀ 22. ਸੂਹੀ 23. ਸੂਹੀ ਕਾਫੀ 24. ਸੂਹੀ ਲਲਿਤ 25. ਬਿਲਾਵਲੁ 26. ਬਿਲਾਵਲੁ ਦਖਣੀ 27. ਬਿਲਾਵਲੁ ਮੰਗਲੁ 28. ਗੋਂਡ 29. ਬਿਲਾਵਲੁ ਗੋਂਡ 30. ਰਾਮਕਲੀ 31. ਰਾਮਕਲੀ ਦਖਣੀ 32. ਨਟ ਨਾਰਾਇਨ 33. ਨਟ 34. ਮਾਰੂ ਕਾਫੀ 36. ਮਾਰੂ ਦਖਣੀ 37. ਬਸੰਤੁ 38. ਬਸੰਤੁ ਹਿੰਡੋਲ 39. ਹਿੰਡੋਲ 40. ਕਲਿਆਨੁ 41. ਕਲਿਆਨੁ ਭੋਪਾਲੀ 42. ਪ੍ਰਭਾਤੀ 43. ਬਿਭਾਸ 44. ਬਿਭਾਸ ਪ੍ਰਭਾਤੀ 45. ਪ੍ਰਭਾਤੀ ਬਿਭਾਸ 46. ਪ੍ਰਭਾਤੀ ਦੱਖਣੀ।

ਸ੍ਰੀ ਯੋਗੇਂਦਰ ਪਾਲ ਤੇ ਸ੍ਰੀ ਬਚਿੱਤਰ ਸਿੰਘ ਨੇ ਬਿਲਾਵਲੁ ਮੰਗਲੁ, ਹਿੰਡੋਲ ਅਤੇ ਬਿਭਾਸ ਰਾਗ ਨੂੰ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਨਹੀਂ ਗਿਣਿਆ ਇਸ ਕਰਕੇ ਉਹਨਾਂ 60 ਰਾਗ ਹੀ ਸਵੀਕਾਰ ਕੀਤੇ ਹਨ। ਰਾਗਾਂ ਦਾ ਵਰਗੀਕਰਣ ਕਰਨ ਲੱਗਿਆਂ

ਉਹਨਾਂ 31 ਪ੍ਰਮੁੱਖ ਰਾਗਾਂ ਨੂੰ ਇਕ ਹੀ ਵਰਗ ਵਿਚ ਰੱਖਿਆ ਹੈ ਤੇ ਦੂਜੇ ਵਰਗ ਵਿਚ ਹੋਰ 29 ਰਾਗ ਰੱਖੇ ਹਨ। ਪ੍ਰੋ. ਤਾਰਾ ਸਿੰਘ ਜੀ ਦੇ ਵਿਦਵਾਨ ਸੰਗੀਤਕਾਰ ਹੋਣ ਸੰਬੰਧੀ ਸਾਡੇ ਮਨ ਵਿਚ ਕੋਈ ਦੁਬਿਧਾ ਨਹੀਂ ਪਰ ਉਹਨਾਂ ਦੇ ਰਾਗ ਵਰਗੀਕਰਣ ਨਾਲ ਸਾਡੀ ਪੂਰੀ ਅਸਹਮਤੀ ਹੈ ਕਿਉਂਜੁ ਇਹ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਦੀ ਮੂਲ ਭਾਵਨਾ ਦੇ ਵਿਰੁੱਧ ਹੋਣ ਦੇ ਨਾਲ ਹੀ ਗੁਰੂ ਅਰਜਨ ਦੇਵ ਜੀ ਦੁਆਰਾ ਮੁੱਖ ਸਿਰਲੇਖਾਂ ਦੁਆਰਾ ਕੀਤੀ ਰਾਗ ਵੰਡ ਪ੍ਰਤੀ ਭੀ ਅਵਿਸ਼ਵਾਸ਼ ਹੈ। ਆਸਾ, ਦੇਵਗੰਧਾਰੀ, ਵਡਹੰਸ, ਤਿਲੰਗ, ਸੂਹੀ, ਬਿਲਾਵਲ ਜਿਹੇ 14 ਰਾਗਾਂ ਬਾਰੇ ਇਹ ਤਾਂ ਕਿਹਾ ਜਾ ਸਕਦਾ ਹੈ ਕਿ ਇਹਨਾਂ ਦੇ ਅਧੀਨ ਹੋਰ ਰਾਗ ਭੀ ਦੇਖੇ ਜਾ ਸਕਦੇ ਹਨ ਪਰ ਇਹਨਾਂ ਨੂੰ ਵਿਵਾਦਾਸਪਦ ਰਾਗ ਕੋਈ ਵਿਦਵਾਨ ਹਰਗਿਜ਼ ਨਹੀਂ ਮੰਨ ਸਕਦਾ। ਤਤਕਰੇ ਤੇ ਸਿਰਲੇਖਾਂ ਸਬੰਧੀ ਇਹ ਅਵਿਸ਼ਵਾਸ਼ ਉਹਨਾਂ ਦਾ ਆਪਣਾ ਪੈਦਾ ਕੀਤਾ ਭਰਮ ਹੈ। 31 ਰਾਗ ਤਾਂ ਕੀ ਬਸੰਤ, ਹਿੰਡੋਲ, ਕਲਿਆਨ ਭੋਪਾਲੀ, ਪ੍ਰਭਾਤੀ ਬਿਭਾਸ, ਬਿਲਾਵਲ ਗੋਂਡ ਆਸਾਵਰੀ ਜਿਹੇ ਰਾਗਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਹੋਂਦ ਪ੍ਰਤੀ ਭੀ ਕਦੇ ਕਿਸੇ ਵਿਦਵਾਨ ਨੇ ਸ਼ੰਕਾ ਪ੍ਰਗਟ ਨਹੀਂ ਕੀਤੀ। ਵਿਵਾਦ ਵਾਲੇ ਰਾਗਾਂ ਤੇ ਕੁਛ ਨਿਰਣੈਜਨਕ ਵਿਚਾਰ ਰੱਖਣ ਤੋਂ ਪਹਿਲਾਂ ਪਾਠਕਾਂ ਸਮੁੱਖ ਰਾਗਾਂ ਦੇ ਤਿੰਨ ਵਰਗ ਰੱਖਣ ਦੀ ਖੁਲ੍ਹ ਚਾਹਾਂਗਾ।

1. ਪਹਿਲੀ ਸ੍ਰੇਣੀ ਵਿਚ ਉਹ 31 ਰਾਗ ਆਉਂਦੇ ਹਨ ਜਿਹਨਾਂ ਦੀ ਸੂਚੀ ਤਤਕਰੇ ਤੋਂ ਉਪਲਬਧ ਹੁੰਦੀ ਹੈ ਅਤੇ ਪ੍ਰਮੁੱਖ ਸਿਰਲੇਖਾਂ ਤੋਂ ਇਹਨਾਂ ਰਾਗਾਂ ਦੀ ਵੱਖਰੀ ਪਹਿਚਾਣ ਸਬੰਧੀ ਕੋਈ ਭਰਮ ਰਹਿਣ ਦੀ ਗੁੰਜਾਇਸ਼ ਨਹੀਂ। (ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਵਿਚ ਗਉੜੀ ਤੇ ਪ੍ਰਭਾਤੀ ਦੀ ਥਾਂ ਗਉੜੀ ਗੁਆਰੇਰੀ ਅਤੇ ਪ੍ਰਭਾਤੀ ਬਿਭਾਸ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਦੇਖੋ ਪ੍ਰਮੁੱਖ ਗਉੜੀ ਗੁਆਰੇਰੀ ਮਹਲਾ 1 ਚਉਪਦੇ ਗੁਰੂ ਗ੍ਰੰਥ ਸਾਹਿਬਾਨ ਪੰਨਾ 151 ਅਤੇ ਪ੍ਰਭਾਤੀ ਬਿਭਾਸ ਲਈ ਪੰਨਾ 1327 ਤੇ ਪਹਿਲਾ ਸਿਰਲੇਖ "ਰਾਗੁ ਪ੍ਰਭਾਤੀ ਬਿਭਾਸ ਮਹਲਾ ੧ ਚਉਪਦੇ ਘਰੁ ੧" ਤਤਕਰੇ ਵਿਚ ਭੀ ਰਾਗ ਪ੍ਰਭਾਤੀ ਨਹੀਂ ਪਰਭਾਤੀ ਬਿਭਾਸ ਸੂਚਿਤ ਕੀਤਾ ਹੈ।

2. ਦੂਜੀ ਸ੍ਰੇਣੀ ਵਿੱਚ ਮੁੱਖ ਰਾਗਾਂ ਦੇ ਅਧੀਨ ਆਏ ਉਹ ਰਾਗ ਰੱਖੇ ਜਾ ਸਕਦੇ ਹਨ, ਜਿਹਨਾਂ ਸੰਬੰਧੀ ਵਿਦਵਾਨ ਕੋਈ ਕਿੰਤੂ ਪ੍ਰੰਤੂ ਨਹੀਂ ਕਰਦੇ ਅਤੇ ਜਿਹਨਾਂ ਦੀ ਹੋਂਦ ਪ੍ਰਤੀ ਸਾਡੇ ਮਨ ਵਿੱਚ ਕੋਈ ਸੰਕਾ ਨਹੀਂ। ਇਹਨਾਂ ਦੀ ਸੂਚੀ ਇਸ ਪ੍ਰਕਾਰ ਹੈ :- 1. ਗਉੜੀ ਦੱਖਣੀ 2. ਗਉੜੀ ਚੇਤੀ 3. ਗਉੜੀ ਬੈਰਾਗਣਿ 4. ਗਉੜੀ ਦੀਪਕੀ 5. ਗਉੜੀ ਪੂਰਬੀ ਦੀਪਕੀ 6. ਗਉੜੀ ਪੂਰਬੀ ਮਾਝ 8. ਗਉੜੀ ਮਾਲਾ 9. ਗਉੜੀ ਮਾਲਵਾ 10. ਗਉੜੀ 11. ਆਸਾਵਰੀ 12. ਵਡਹੰਸ ਦਖਣੀ 13. ਸੂਹੀ ਲਲਿਤ 14. ਬਿਲਾਵਲ ਗੋਂਡ 15. ਰਾਮਕਲੀ ਦਖਣੀ 16. ਨਟ 17. ਮਾਰੂ ਦੱਖਣੀ 18. ਬਸੰਤੁ ਹਿੰਡੋਲ 20. ਕਲਿਆਨੁ ਭੋਪਾਲੀ 21. ਪ੍ਰਭਾਤੀ 22. ਬਿਭਾਸ 23. ਬਿਭਾਸ ਪ੍ਰਭਾਤੀ 27. ਪ੍ਰਭਾਤੀ ਦਖਣੀ (ਪ੍ਰਭਾਤੀ ਬਿਭਾਸ ਅਤੇ ਬਿਭਾਸ ਪ੍ਰਭਾਤੀ ਇਸ

ਕਰਕੇ ਦੋ ਰਾਗ ਹੋ ਜਾਂਦੇ ਹਨ ਕਿਉਂਕਿ ਸੰਗੀਤ ਸ਼ਾਸਤਰ ਦੇ ਨੇਮਾਂ ਅਨੁਸਾਰ ਪਹਿਲੀ ਸਥਿਤੀ ਵਿੱਚ ਰਾਗ ਦੇ ਪੂਰਵਾਂਗ ਵਿੱਚ ਪ੍ਰਭਾਤੀ ਅਤੇ ਉਤਰਾਂਗ ਵਿੱਚ ਬਿਭਾਸ ਦਿਖਾਉਣਾ ਹੈ ਜਦ ਕਿ ਦੂਸਰੀ ਸਥਿਤੀ ਵਿੱਚ ਇਸ ਦੇ ਉਲਟ ਪੂਰਵਾਂਗ ਵਿੱਚ ਬਿਭਾਸ ਅਤੇ ਉਤਰਾਂਗ ਵਿੱਚ ਪ੍ਰਭਾਤੀ ਗਾਇਆ ਵਖਾਇਆ ਜਾਵੇਗਾ।)

3. ਤੀਜੇ ਵਰਗ ਦੇ ਰਾਗ ਸਾਡੀ ਵਿਚਾਰ ਦਾ ਵਿਸ਼ਾ ਹਨ ਅਤੇ ਇਹਨਾਂ ਦੀ ਹੋਂਦ ਸੰਬੰਧੀ ਵਿਵਾਦ ਹੋ ਸਕਦਾ ਹੈ। ਇਹ ਰਾਗ ਹਨ :- 1. ਗਉੜੀ ਭੀ ਸੋਰਠਿ ਭੀ 2. ਆਸਾ ਕਾਫੀ 3. ਦੇਵਗੰਧਾਰ 4 ਤਿਲੰਗ ਕਾਫੀ 5, ਸੂਹੀ ਕਾਫੀ 6. ਬਿਲਾਵਲੁ ਦਖਣੀ 7. ਬਿਲਾਵਲੁ ਮੰਗਲੁ 8. ਮਾਰੂ ਕਾਫੀ 9. ਲਲਿਤ 10. ਰਾਮਕਲੀ ਅਨੰਦ।

ਪ੍ਰੋ: ਤਾਰਾ ਸਿੰਘ ਜੀ ਨੇ ਇਹ ਗੱਲ ਆਪਣੇ ਖੋਜ ਪੱਤਰ ਵਿੱਚ ਦ੍ਰਿੜ੍ਹ ਨਿਸ਼ਚੇ ਨਾਲ ਕਹੀ ਹੈ ਕਿ "ਇਸ ਖੋਜ ਪੱਤਰ ਵਿੱਚ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਸ ਆਦੇਸ਼ ਦਾ 'ਸਭ ਕਿਛੁ ਘਰ ਮਹਿ ਬਾਹਰਿ ਨਾਹੀ' (ਮਾਝ ਮਹਲਾ 4 ਪੰ: 103) ਸੌ ਪ੍ਰਤਿਸ਼ਤ ਪਾਲਨ ਕਰਨ ਦਾ ਯਤਨ ਕੀਤਾ ਹੈ।" ਪਰ ਲੇਖ ਪੜ੍ਹਕੇ ਮਹਿਸੂਸ ਕੀਤਾ ਹੈ ਕਿ ਉਹਨਾਂ ਭਾਰਤੀ ਸੰਗੀਤ ਦੇ ਜਾਤੀ ਗਾਇਨ, ਰਾਗ, ਥਾਟ, ਸੁਰ, ਆਰੋਹ-ਅਵਰੋਹ, ਰਾਗ ਦੀ ਜਾਤੀ ਵਾਦੀ-ਸੰਵਾਦੀ, ਮੁੱਖ ਅੰਗ, ਨਿਆਸ, ਪੂਰਵਾਂਗ-ਉਤ੍ਰਾਂਗ, ਰਾਗ ਦਾ ਸਮਾਂ, ਸਮਪ੍ਰਕ੍ਰਿਤਕ ਰਾਗ, ਸ਼ੁੱਧ, ਛਾਇਆਲਗ, ਸੰਕੀਰਣ ਆਦਿ ਵਿਸ਼ਿਆਂ ਤੇ ਤਾਂ ਸੰਖੇਪ ਰੋਸ਼ਨੀ ਜ਼ਰੂਰ ਪਾਈ ਹੈ, ਪਰ ਨਵੇਂ ਰਾਗਾਂ ਦੇ ਨਿਰਧਾਰਣ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਦੀ ਘੋਖਵੀਂ ਪੜਤਾਲ ਕਰਨ ਦਾ ਸਾਰਥਕ ਯਤਨ ਨਹੀਂ ਕੀਤਾ, ਜਿਸ ਕਾਰਨ ਕੁੱਛ ਰਾਗ ਉਹਨਾਂ ਦੀ ਮਨੋਕਲਪਨਾਂ ਸਿੱਧ ਕਰਨ ਵਿੱਚ ਵਿਦਵਾਨਾਂ ਸਾਹਮਣੇ ਕੋਈ ਦਿੱਕਤ ਨਹੀਂ। ਇਸ ਲੇਖ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਅੰਕਾਂ ਅਤੇ ਸਿਰਲੇਖਾਂ ਦੀ ਘੋਖ ਪੜਚੋਲ ਕਰਕੇ ਅਸਾਂ ਵਿਵਾਦ-ਗ੍ਰਸਤ ਰਾਗਾਂ ਦੀ ਵਾਸਤਵਿਕ ਸਥਿਤੀ ਸਮਝਣ ਦਾ ਹੀਲਾ ਕਰਨਾ ਹੈ।

ਪਾਠਕ ਜਨਾ ਲਈ ਇਹ ਜਾਣਨਾ ਭੀ ਜ਼ਰੂਰੀ ਹੈ ਕਿ ਪ੍ਰਮੁੱਖ ਰਾਗਾਂ ਦੇ ਅਧੀਨ ਮਿਸ਼੍ਰਿਤ ਅਤੇ ਸੁਤੰਤਰ ਰਾਗਾਂ ਦਾ ਨਿਖੇੜਾ ਸੰਗੀਤ ਦੇ ਵਿਦਵਾਨ ਕਿਵੇਂ ਕਰਦੇ ਹਨ ? ਇਸ ਕਾਰਜ ਲਈ ਸਿਰਲੇਖ ਹੀ ਸਾਡੇ ਬਹੁਤੇ ਸਹਾਇਕ ਹਨ। ਜਿੱਥੇ ਸਿਰਲੇਖ ਵਿੱਚ ਦੋ ਰਾਗਾਂ ਦਾ ਜੁੜਵਾਂ ਨਾਮ ਆਵੇ ਉੱਥੇ ਰਾਗ ਮਿਸ਼੍ਰਿਤ ਮੰਨਿਆਂ ਜਾਂਦਾ ਹੈ, ਜਿਵੇਂ :

ੳ. ਬਸੰਤ ਹਿੰਡੋਲ ਮਹਲਾ 9 (ਪੰਨਾ 1186)
ਅ. ਕਲਿਆਨੁ ਭੋਪਾਲੀ ਮਹਲਾ 4 (ਪੰਨਾ 1321)
ੲ. ਸੂਹੀ ਲਲਿਤ ਕਬੀਰ ਜੀਉ (ਪੰਨਾ 794)
ਸ. ਬਿਭਾਸ ਪ੍ਰਭਾਤੀ ਮਹਲਾ 5 ਅਸਟਪਦੀਆਂ (ਪੰਨਾ 1347)

ਇਹਨਾਂ ਸਿਰਲੇਖਾਂ ਵਿੱਚ ਕ੍ਰਮਸ਼ ਬਸੰਤੁ ਹਿੰਡੋਲ, ਕਲਿਆਣ ਭੋਪਾਲੀ, ਸੂਹੀ

ਲਲਿਤ, ਬਿਭਾਸ ਪ੍ਰਭਾਤੀ ਮਿਸ਼੍ਰਿਤ ਰਾਗ ਹਨ ।

ਪ੍ਰੰਤੂ :- ਕ. ਬਸੰਤ ਮਹਲਾ 5 ਹਿੰਡੋਲ (ਪੰਨਾ 1185)

ਖ. ਪ੍ਰਭਾਤੀ ਮਹਲਾ 4 ਬਿਭਾਸ (ਪੰਨਾ 1335)

ਗ. ਰਾਗੁ ਆਸਾ ਮਹਲਾ 5 ਘਰੁ 17 ਆਸਾਵਰੀ (ਪੰਨਾ 409)

ਇਹਨਾਂ ਸਿਰਲੇਖਾਂ ਵਿੱਚ ਵਿਦਵਾਨ ਜਨ ਹਿੰਡੋਲ, ਬਿਭਾਸ ਅਤੇ ਆਸਾਵਰੀ ਨੂੰ ਸੁਤੰਤਰ ਅਤੇ ਸ਼ੁੱਧ ਰਾਗ ਸਵੀਕਾਰ ਕਰਦੇ ਹਨ, ਕਿਉਂਕਿ ਸਿਰਲੇਖ ਵਿੱਚ ਇਹਨਾਂ ਨੂੰ ਮੁੱਖ ਰਾਗ ਤੋਂ ਅਲੱਗ ਰੱਖਿਆ ਰੱਖਿਆ ਹੈ । ਇਸੇ ਪ੍ਰਮਾਣੀਕ ਵਿਧੀ-ਵਿਧਾਨ ਦੇ ਅਧੀਨ ਅਸਾਂ ਵਿਵਾਦ ਗ੍ਰਸਤ ਰਾਗਾਂ ਤੇ ਵਿਚਾਰ ਕਰਨੀ ਹੈ ।

**ਗਉੜੀ ਭੀ ਸੋਰਠਿ ਭੀ :** ਅਸੀਂ ਆਪਣੀ ਵਿਚਾਰ 'ਗਉੜੀ ਭੀ ਸੋਰਠਿ ਭੀ' ਤੋਂ ਸ਼ੁਰੂ ਕਰਦੇ ਹਾਂ। 'ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ 5' (ਪੰਨਾ 326) ਵਾਂਗ ਗੁਰੂ ਗ੍ਰੰਥ ਸਾਹਿਬ ਦੇ ਪਨਾ 330 ਤੇ ਇਹ ਭੀ ਆਪਣੀ ਕਿਸਮ ਦਾ ਇਕੋ ਇਕ ਕੁਛ ਵਿਚਿੱਤ੍ਰ ਤੇ ਵਿਲੱਖਣ ਸਿਰਲੇਖ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਕੋਈ ਅਜਿਹਾ ਸ਼ਬਦ ਨਹੀਂ ਜਿਸ ਤੇ ਦੋ ਰਾਗਾਂ ਦਾ ਨਾਮ ਇਸ ਤਰੀਕੇ ਨਾਲ ਅੰਕਿਤ ਕੀਤਾ ਹੋਵੇ । ਪ੍ਰੋ: ਸਾਹਿਬ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਵਿੱਚ ਇਸ ਸੰਬੰਧੀ ਲਿਖਿਆ ਹੈ "ਇਹ ਸ਼ਬਦ ਗਉੜੀ ਰਾਗਨੀ ਵਿੱਚ ਭੀ ਗਾਉਣਾ ਹੈ ਤੇ ਸੋਰਠਿ ਰਾਗਨੀ ਵਿੱਚ ਭੀ", ਜਿਸ ਤੋਂ ਉਹਨਾਂ ਦਾ ਭਾਵ ਇਹ ਲੱਗਦਾ ਹੈ ਕਿ ਇਹ ਸ਼ਬਦ ਗਉੜੀ ਅਤੇ ਸੋਰਠਿ ਦੋਹਾਂ ਰਾਗਾਂ ਵਿੱਚ ਬਗੈਰ ਮਿਲਾਏ ਗਾਇਆ ਜਾ ਸਕਦਾ ਹੈ । ਪਰ ਬਹੁਤੇ ਵਿਦਵਾਨ ਇਸ ਨੂੰ ਗਉੜੀ ਸੋਰਠਿ ਰਾਗ ਮੰਨਦੇ ਹਨ । ਭਾਵੇਂ ਗਉੜੀ ਸੋਰਠਿ ਦੀ ਸ਼ਾਸਤਰੀ ਹੋਂਦ ਤੇ ਸਰੂਪ ਉਪਲੱਬਧ ਹੈ ਤੇ ਗੁਰਬਾਣੀ ਸੰਗੀਤ ਵਿੱਚ ਰਾਗ ਰੀਤਾਂ ਭੀ ਮਿਲਦੀਆਂ ਹਨ, ਪਰ ਵਿਚਾਰ ਵਾਲੀ ਗੱਲ ਹੈ ਕਿ ਸਿਰਲੇਖ ਗਉੜੀ ਸੋਰਠਿ ਕਿਉਂ ਨਹੀਂ ਰੱਖਿਆ ? ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਦੋ ਮਿਸ੍ਰਿਤ ਰਾਗਾਂ ਨੂੰ ਲਿਖਣ ਦੀ ਰੀਤ ਇਕੋ ਹੈ ਤੇ ਰਾਗਾਂ ਅਧੀਨ ਹੋਰ ਸੁਤੰਤਰ ਰਾਗ ਗਾਇਨ ਕਰਨ ਲਈ ਭੀ ਇਕੋ ਜਿਹਾ ਸੰਕੇਤ ਹੈ ਤਾਂ ਇਸ ਸ਼ਬਦ ਲਈ ਵਿਲੱਖਣ ਸਿਰਲੇਖ ਕਿਉਂ ? ਨਾਂ ਤਾਂ ਇਸ ਰਾਗ ਤੇ ਗੁਰੂ ਗ੍ਰੰਥ ਸਾਹਿਬ ਵਿਚ ਨਿਭਾਈ ਮਰਯਾਦਾ ਮੁਤਾਬਿਕ ਗਉੜੀ ਸੋਰਠਿ ਹੀ ਲਿਖਿਆ ਹੈ ਅਤੇ ਨਾ ਹੀ ਗਉੜੀ ਕਬੀਰ ਜੀ ਸੋਰਠਿ ਹੀ ਲਿਖਿਆ ਹੈ । ਇਸ ਕਾਰਨ ਗਉੜੀ ਸੋਰਠਿ ਜਾਂ ਗਉੜੀ ਵਿੱਚ ਸੁਤੰਤਰ ਸੋਰਠਿ (ਜਿਵੇਂ ਬਸੰਤੁ ਵਿੱਚ ਹਿੰਡੋਲ ਹੈ) ਕਹਿਣਾ ਉਚਿੱਤ ਨਹੀਂ ਹੈ । ਜੇ ਇਹ ਸਿਰਲੇਖ ਬਾਕੀ ਸਾਰੇ ਸਿਰਲੇਖਾਂ ਨਾਲੋਂ ਭਿੰਨ ਪਹਿਚਾਣ ਰੱਖਦਾ ਹੈ ਤਾਂ ਇਸ ਦਾ ਸਭ ਤੋਂ ਵਿਲੱਖਣ ਭਾਵ ਵੀ ਇਹੀ ਹੋ ਸਕਦਾ ਹੈ ਕਿ ਇਸ ਸ਼ਬਦ ਨੂੰ ਗਉੜੀ ਵਿੱਚ ਭੀ (ਸੁਤੰਤਰ ਰੱਖਕੇ) ਅਤੇ ਸੋਰਠਿ ਵਿੱਚ ਭੀ ਗਾਇਆ ਜਾ ਸਕਦਾ ਹੈ । ਕਿਉਂਕਿ ਗਉੜੀ ਤੇ ਸੋਰਠਿ ਦੀ ਗਿਣਤੀ ਅਸੀਂ 31 ਰਾਗਾਂ ਵਿੱਚ ਲੈ ਦੇ ਹਾਂ ਇਸ ਕਰਕੇ ਇਸ ਸਿਰਲੇਖ ਨਾਲ ਰਾਗਾਂ ਦੀ ਗਿਣਤੀ ਵਿੱਚ ਕੋਈ ਵਾਧਾ ਨਹੀਂ ਹੁੰਦਾ ।

**ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕਾਫੀ ਦਾ ਸਥਾਨ :** ਭਾਰਤੀ ਸੰਗੀਤ ਵਿੱਚ ਕਾਫੀ ਆਪਣੇ ਥਾਟ ਦਾ ਆਸ੍ਰਯ ਰਾਗ ਹੈ। ਇਹ ਰਾਗ ਖਾਸ ਕਰਕੇ ਹਲੀ ਗੀਤ

ਗ਼ਾਣ ਵਾਸਤੇ ਅੱਜ ਭੀ ਹਿੰਦੁਸਤਾਨੀ ਪੱਧਤੀ ਦਾ ਇੱਕ ਪ੍ਰਚੱਲਿਤ ਰਾਗ ਹੈ । ਗੁਰੂ ਗ੍ਰੰਥ ਸਾਹਿਬ ਦੇ ਰਾਗ ਆਸਾ, ਤਿਲੰਗ, ਸੂਹੀ ਅਤੇ ਮਾਰੂ ਦੇ ਕੁਛ ਅਜਿਹੇ ਸ਼ਬਦ ਹਨ ਜਿਹਨਾ ਦੇ ਸਿਰਲੇਖਾਂ ਵਿੱਚ ਕਾਫੀ ਸ਼ਬਦ ਦੇਖਿਆ ਜਾ ਸਕਦਾ ਹੈ । ਉਦਾਹਰਣ ਲਈ :-

ਚ. ਆਸਾ ਘਰੁ 8 ਕਾਫੀ ਮਹਲਾ 3 (ਗੁ. ਗ੍ਰੰ. ਪੰਨਾ 365)

ਛ. ਰਾਗੁ ਆਸਾ ਘਰ 8 ਕੇ ਕਾਫੀ ਮਹਲਾ 4 (ਗੁ. ਗ੍ਰੰ: ਪੰਨਾ 369)

ਜ. ਤਿਲੰਗ ਮਹਲਾ 9 ਕਾਫੀ (ਗੁ. ਗ੍ਰੰ. ਪੰਨਾ 726)

ਝ. ਸੂਹੀ ਮਹਲਾ 1 ਕਾਫੀ ਘਰੁ 10 (ਗੁ. ਗ੍ਰੰ. ਪੰਨਾ 757)

ਞ. ਮਾਰੂ ਕਾਫੀ ਮਹਲਾ 1 ਘਰੁ 2 (ਗੁ. ਗ੍ਰੰ. ਪੰਨਾ 1014)

ਕਾਫੀ ਸੰਬੰਧੀ ਸਮੱਸਿਆ ਇਹ ਹੈ ਪੰਜਾਬੀ ਸਾਹਿਤ ਵਿੱਚ ਕਾਫੀ ਇੱਕ ਕਾਵਿ-ਰੂਪ ਭੀ ਹੈ । ਡਾ ਸੁਰਿੰਦਰ ਸਿੰਘ ਕੋਹਲੀ ਨੇ 'A Critical Study of Adi Granth' ਪੁਸਤਕ ਵਿੱਚ ਕਾਫੀ ਨੂੰ ਸੱਦ ਅਤੇ ਗੋਸ਼ਟਿ ਵਾਂਗ ਇਕ ਕਾਵਿ-ਛੰਦ ਹੀ ਮੰਨਿਆ ਹੈ । ਇਸ ਨੂੰ ਸੂਫ਼ੀ ਸੰਤਾਂ ਦਾ ਇਕ ਪ੍ਰਿਯ ਕਾਵਿ ਦੱਸਦਿਆਂ, ਡਾ: ਕੋਹਲੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਆਸਾ ਰਾਗ ਅੰਦਰ 22, ਸੂਹੀ ਵਿੱਚ 5 ਤੇ ਰਾਗ ਮਾਰੂ ਵਿੱਚ 3 ਕਾਫੀਆਂ ਦਰਜ ਹੋਣਾ ਮੰਨਿਆ ਹੈ ! (ਤਿਲੰਗ ਵਿੱਚ 9ਵੇਂ ਗੁਰੂ ਮਹਿਲ ਦੀ ਬਾਣੀ ਸ਼ਾਇਦ ਉਹਨਾਂ ਦੀ ਦ੍ਰਿਸ਼ਟੀ ਗੋਚਰ ਨਹੀਂ ਹੋਈ ।) ਫਰੀਦਕੋਟੀ ਟੀਕੇ ਵਿੱਚ ਭੀ ਕਾਫ਼ੀ ਨੂੰ ਇੱਕ ਵੈਰਾਗ ਸੂਚਕ ਛੰਦ ਕਿਹਾ ਹੈ । (ਫਰੀਦਕੋਟ ਵਾਲੇ ਟੀਕੇ ਦੇ ਇਸ ਸੰਬੰਧੀ ਪੰਨਾ 799, 1502 ਅਤੇ 1548 ਦੇਖੇ ਜਾ ਸਕਦੇ ਹਨ ।) ਭਾਵੇਂ ਕਈ ਧੁਰੰਧਰ ਵਿਦਵਾਨ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਕਾਫੀ ਹੋਣ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਦੇ ਹਨ, ਪਰ ਕਾਫੀ ਰਾਗ ਦੇ ਹੋਣ ਸੰਬੰਧੀ ਹੇਠਾਂ ਦਿੱਤੀਆਂ ਮੁਸ਼ਕਿਲਾਂ ਸਾਡੇ ਸਾਹਮਣੇ ਹਨ : —

1. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਮੁੱਖ ਰਾਗਾਂ ਦੇ ਅਧੀਨ ਰਾਗਾਂ ਵਿੱਚੋਂ ਕੋਈ ਵੀ ਰਾਗ ਇੱਕ ਰਾਗ ਤੋਂ ਵੱਧ ਰਾਗਾਂ ਨਾਲ ਮਿਸ੍ਰਿਤ ਕੀਤਾ ਨਹੀਂ ਮਿਲਦਾ । ਵਜੋਂ :-ਭੋਪਾਲੀ ਕੇਵਲ ਕਲਿਆਨੁ ਨਾਲ, ਬਿਭਾਸ ਕੇਵਲ ਪ੍ਰਭਾਤੀ ਨਾਲ, ਹਿੰਡੋਲ ਕੇਵਲ ਬਸੰਤ ਨਾਲ ਅਤੇ ਲਲਿਤ ਕੇਵਲ ਸੂਹੀ ਨਾਲ, ਤਾਂ ਕਾਫੀ ਰਾਗ ਕਿਉਂ ਆਸਾ ਤਿਲੰਗ, ਸੂਹੀ ਅਤੇ ਮਾਰੂ ਜਿਹੇ ਚਾਰ ਰਾਗਾਂ ਨਾਲ ਮੇਲਿਆ ਗਿਆ ।

2. ਰਾਗਾਂ ਦਾ ਮਿਸ਼ਰਣ ਕਰਨ ਲੱਗਿਆਂ ਰਾਗਾਂ ਦੀ ਪ੍ਰਕ੍ਰਿਤੀ ਦਾ ਧਿਆਨ ਰੱਖਿਆ ਜਾਣਾ ਵੀ ਜ਼ਰੂਰੀ ਹੈ । ਰਾਗਾਂ ਦੇ ਸੁਰਾਂ ਦਾ ਭਾਰੀ ਅੰਤਰ ਹੁੰਦਿਆਂ ਭੀ ਉਹਨਾਂ ਦੇ ਸੁਭਾਅ ਦੀਆਂ ਕੁਛ ਗੱਲਾਂ ਮੇਲ ਖਾਣ ਕਾਰਨ ਹੀ ਰਾਗ-ਰਾਗਨੀ ਪ੍ਰਬੰਧ ਹੋਂਦ ਵਿੱਚ ਵਿੱਚ ਆਇਆ ਹੋਵੇਗਾ । ਬਹਾਰ ਤੇ ਬਸੰਤ ਦੀਆਂ ਸੁਰਾਂ ਵਿੱਚ ਕੋਈ ਮੇਲ ਨਹੀਂ, ਪਰ ਸੰਗੀਤ ਦਾ ਬਾਰੀਕ ਸ੍ਰੋਤਾ ਇਹਨਾਂ ਦੀ ਪ੍ਰਕ੍ਰਿਤੀ ਵਿੱਚ ਕੁਛ ਸਮਾਨਤਾ ਮਹਿਸੂਸ ਕਰ ਸਕਦਾ ਹੈ ਤਾਂ ਹੀ ਇਹਨਾਂ ਦੋਹਾਂ ਰਾਗਾਂ ਦਾ ਮੇਲ ਅਤੀ ਰੰਜਕ ਹੈ । ਗੁਰੂ ਗ੍ਰੰਥ ਸਾਹਿਬ ਵਿੱਚ ਰਾਗਾਂ ਨੂੰ ਮੇਲਣ ਲੱਗਿਆਂ ਰਾਗਾਂ ਦੇ ਸੁਭਾਅ ਦਾ ਬਹੁਤ ਬਾਰੀਕੀ ਤਕ ਧਿਆਨ

ਰੱਖਿਆ ਹੈ। ਕਲਿਆਨੁ ਅਤੇ ਭੋਪਾਲੀ ਦੀ ਪ੍ਰਕ੍ਰਿਤੀ ਕਿਤਨੀ ਸਾਮਾਨ ਹੈ ਵਿਆਖਿਆ ਕਰਨ ਦੀ ਜ਼ਰੂਰਤ ਹੀ ਨਹੀਂ। ਪ੍ਰਭਾਤੀ ਅਤੇ ਬਿਭਾਸ ਤਾਂ ਇਕ ਹੀ ਥਾਟ ਭੈਰਉ ਤੋਂ ਉਤਪੰਨ ਹੋਏ ਰਾਗ ਹਨ। ਆਸਾ ਅਤੇ ਆਸਾਵਰੀ ਦੀ ਪ੍ਰਕ੍ਰਿਤੀ ਦੇ ਅੰਗਾਂ ਵਿੱਚ ਕੋਈ ਮੇਲ ਨਾਂ ਹੋਣ ਕਾਰਨ ਹੀ ਆਸਾਵਰੀ ਨੂੰ 'ਸੁਧੰਗ' ਗਾਣ ਦਾ ਨਿਰਦੇਸ਼ ਦਿੱਤਾ ਹੈ। ਰਾਗ ਮਾਰੂ ਨਾਲ ਕਾਫ਼ੀ ਸ਼ਬਦ ਆਇਆ ਹੈ। ਮਾਰੂ ਕਾਫ਼ੀ ਰਾਗ ਮੰਨਣ ਵਾਲਿਆਂ ਵਿਚੋਂ ਪ੍ਰੋ. ਤਾਰਾ ਸਿੰਘ ਜੀ ਰਾਗ ਮਾਰਵਾ ਨੂੰ ਹੀ ਮਾਰੂ ਮੰਨਦੇ ਹਨ। ਉਹਨਾਂ ਦੀ ਪੁਸਤਕ ਗੁਰੂ ਅਮਰਦਾਸ ਰਾਗ ਰਤਨਾਵਲੀ ਦਾ ਪੰਨਾ 84 ਪਾਠਕ ਆਪ ਦੇਖ ਸਕਦੇ ਹਨ। (ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਅਤੇ ਸਰਦਾਰ ਗਿਆਨ ਸਿੰਘ 'ਐਬਟਾਬਾਦ' ਨੇ ਮਾਰੂ ਰਾਗ ਦੀਆਂ ਜਿਤਨੀਆਂ ਪ੍ਰਾਚੀਨ ਰੀਤਾਂ ਆਪਣੀਆਂ ਪੁਸਤਕਾਂ ਵਿੱਚ ਦਿੱਤੀਆਂ ਹਨ, ਉੱਥੇ ਮਾਰੂ ਨੂੰ ਖਮਾਜ ਥਾਟ ਦੇ ਅਧੀਨ ਰੱਖਿਆ ਹੈ। ਮਾਰੂ ਬਾਰੇ ਸਿਆਣੇ ਸੰਗੀਤਕਾਰ ਕਹਿੰਦੇ ਹਨ ਕਿ ਇਸ ਦੀ ਉਤਪਤੀ ਰਾਜਸਥਾਨੀ ਲੋਕ ਗੀਤ ਵਿਚੋਂ ਹੋਈ ਹੈ। ਮਾਰੂ ਦਾ ਸੰਬੰਧ ਸ਼ਾਇਦ 'ਢੋਲਾ ਮਾਰੂ' ਨਾਲ ਭੀ ਰਿਹਾ ਹੋਵੇ। ਮਾਰਵਾ ਰਾਗ ਦਾ ਸ਼ਾਸਤਰੀ ਸੁਭਾਅ ਇਤਨਾ ਪਰਪੱਕ ਅਤੇ ਪ੍ਰਚੰਡ ਹੈ ਕਿ ਇਸ ਵਿਚ ਲੋਕ ਗੀਤ ਹੋਣ ਦੀ ਸੰਭਾਵਨਾ ਬਿਲਕੁਲ ਹੀ ਘੱਟ ਹੈ, ਇਹ ਰਾਗ ਤਾਂ ਮਹਾਨ ਸੰਗੀਤਕਾਰਾਂ ਦੇ ਉਚੇ ਤਜ਼ਰਬਿਆਂ ਦਾ ਸਿੱਟਾ ਹੀ ਮਹਿਸੂਸ ਹੁੰਦਾ ਹੈ। ਭਾਰਤੀ ਸ਼ਾਸਤਰੀ ਸੰਗੀਤ (ਉਤਰ ਭਾਰਤੀ) ਵਿੱਚ ਮਾਰੂ ਹੁਣ ਭਾਵੇਂ ਅਪ੍ਰਚੱਲਿਤ ਰਾਗ ਹੈ, ਪਰ ਮਾਰੂ-ਬਿਹਾਗ ਦਾ ਗਾਇਨ ਅੱਜ ਭੀ ਆਮ ਹੈ। ਮਾਰੂ-ਬਿਹਾਗ ਦਾ ਕੋਈ ਸੂਖਮ ਅੰਸ਼ ਵੀ ਅਜਿਹਾ ਨਹੀਂ ਜਿੱਥੇ ਹੱਥ ਰੱਖਕੇ ਇਹ ਕਹਿ ਸਕੀਏ ਕਿ ਇਹ ਮਾਰਵਾ ਦਾ ਅੰਗ ਹੈ। ਇਸ ਦੇ ਵਿਪਰੀਤ ਖਮਾਜ ਥਾਟ ਵਾਲੇ ਮਾਰੂ ਨੂੰ ਸਹਿਜ ਸੁਭਾਵਿਕ ਹੀ ਮਾਰੂ ਬਿਹਾਗ ਵਿਚੋਂ ਦੇਖ ਸਕਦੇ ਹਾਂ) ਜੇ ਪ੍ਰੋ. ਤਾਰਾ ਸਿੰਘ ਦੇ ਮਾਰੂ ਤੇ ਮਾਰਵਾ ਇਕ ਹੋਣ ਵਾਲੇ ਵਿਚਾਰ ਨਾਲ ਸਹਿਮਤ ਵੀ ਹੋ ਜਾਈਏ ਤਾਂ ਮਾਰਵਾ ਦਾ ਕਾਫ਼ੀ ਨਾਲ ਕੋਈ ਜੋੜ ਨਹੀਂ ਬਣਦਾ। ਮਾਰਵਾ ਤੇ ਕਾਫ਼ੀ ਦੀ ਪ੍ਰਕ੍ਰਿਤੀ ਵਿੱਚ ਇਤਨੀ ਵਧੀਕ ਭਿੰਨਤਾ ਹੈ ਕਿ ਦੋਹਾਂ ਨੂੰ ਜੋੜਕੇ ਰੰਜਕਤਾ ਪੈਦਾ ਕਰਨਾ ਅਤੀ ਕਠਿਨ ਹੈ। ਜੇ ਜ਼ਬਰਦਸਤੀ ਅਜਿਹੇ ਰਾਗ ਸਿਰਜੇ ਭੀ ਜਾਣ ਤਾਂ ਉਹਨਾਂ ਦਾ ਲੰਮੇ ਸਮੇਂ ਤਕ ਜ਼ਿੰਦਾ ਰਹਿਣਾ ਮੁਸ਼ਕਿਲ ਹੈ। ਅਜੋਕੇ ਸਮੇਂ ਵਿੱਚ ਸਿਰਜੇ ਰਾਗ ਗਾਂਧੀ ਅਤੇ ਪ੍ਰਿਯਦਰਸ਼ਨੀ ਦਾ ਹਸ਼ਰ ਸਾਡੇ ਸਾਹਮਣੇ ਹੈ। ਗੁਰੂ ਗ੍ਰੰਥ ਸਾਹਿਬ ਦੇ ਬਹੁਤੇ ਰਾਗ ਅੱਜ-ਭੀ ਉਤਨੇ ਲੋਕ-ਪ੍ਰਿਯ ਹਨ ਜਿਤਨੇ ਗ੍ਰੰਥ ਦੀ ਸੰਪਾਦਨਾ ਸਮੇਂ ਸਨ।

3. ਰਾਗ ਦਾ ਸੁਤੰਤਰ ਅਤੇ ਮਿਸ਼੍ਰਿਤ ਰੂਪ ਪਰਖਣ ਲਈ ਪਿੱਛੇ ਸਿਰਲੇਖਾਂ ਦਾ ਹਵਾਲਾ ਦਿੱਤਾ ਹੈ, ਜੋ ਰਾਗ ਪ੍ਰਭਾਤੀ ਮਹਲਾ 4 ਬਿਭਾਸ (ਪੰਨਾ 1335) ਜਿਹੇ ਸਿਰਲੇਖ ਕਾਰਨ ਅਸਾਂ ਬਿਭਾਸ ਨੂੰ ਸੁਤੰਤਰ ਰਾਗ ਮੰਨਿਆ ਹੈ ਅਤੇ 'ਬਸੰਤੁ ਮਹਲਾ 5 ਘਰੁ 2 ਹਿੰਡੋਲ। ਜਿਹੇ ਸਿਰਲੇਖਾਂ ਕਾਰਨ ਹਿੰਡੋਲ ਦੇ ਸ਼ੁੱਧ ਸਰੂਪ ਦੀ ਹੋਂਦ ਗੁਰੂ ਗ੍ਰੰਥ ਸਾਹਿਬ ਵਿੱਚ ਸਵੀਕਾਰ ਕੀਤੀ ਹੈ ਅਤੇ ਸਿਰਲੇਖਾਂ ਦੀ ਐਸੀ ਪਤ੍ਰਤ ਦੀ ਮਰਯਾਦਾ ਕਾਰਨ ਹੀ ਅਸਾਂ 'ਰਾਗੁ ਆਸਾ ਮਹਲਾ 4 ਘਰੁ 17 ਆਸਾਵਰੀ (ਪੰਨਾ 409) ਨੂੰ ਆਸਾ-ਆਸਾਵਰੀ ਰਾਗ ਨਾ ਮੰਨਕੇ ਆਸਾਵਰੀ ਹੀ ਕਬੂਲਿਆ ਹੈ ਤਾਂ ਆਸਾ ਮਹਲਾ 1 ਘਰੁ

78 ਕਾਫ਼ੀ ਅਸ਼ਟਪਦੀ (ਪੰਨਾ 418), ਤਿਲੰਗ ਮਹਲਾ 9 ਕਾਫੀ (ਪੰਨਾ 726) ਰਾਗ ਸੂਹੀ ਮਹਲਾ 5 ਅਸਟਪਦੀਆਂ ਘਰੁ 10 ਕਾਫੀ ਆਦਿ ਸਿਰਲੇਖਾਂ ਤੋਂ ਵਿਦਵਾਨਾਂ ਨੇ ਆਸਾ ਕਾਫ਼ੀ ਤਿਲੰਗ ਕਾਫੀ, ਸੂਹੀ ਕਾਫੀ, ਰਾਗ ਕਿਵੇਂ ਮੰਨੇ ਹਨ ? ਇਸ ਹਿਸਾਬ ਤਾਂ ਇਨ੍ਹਾਂ ਤਿੰਨਾਂ ਰਾਗਾਂ ਵਿਚ ਕਾਫੀ ਮਿਸ਼੍ਰਿਤ ਨਹੀਂ ਸ਼ੁਧ ਰੂਪ ਵਿੱਚ ਆਇਆ ਹੈ, ਪਰ ਜੇ ਇਸਦਾ ਸ਼ੁਧ ਰੂਪ ਹੀ ਵਰਤਣਾ ਸੀ ਤਾਂ ਆਸਾਵਰੀ ਵਾਂਗ ਇਕੋ ਰਾਗ ਵਿੱਚ ਸਾਰੇ ਸ਼ਬਦ ਰੱਖੇ ਜਾ ਸਕਦੇ ਹਨ ।

4. ਡਾਕਟਰ ਸੁਰਿੰਦਰ ਸਿੰਘ ਕੋਹਲੀ ਨੇ ਸੂਫੀ ਫਕੀਰਾਂ ਦੀਆਂ ਰਚਨਾਵਾਂ ਜ਼ਿਆਦਾ ਤਰ ਲਹਿੰਦੀ ਬੋਲੀ ਵਿਚ ਹੋਣ ਤੇ ਕਾਫੀ ਚਾਨਣਾ ਪਾਇਆ ਹੈ। ਸੂਫੀ ਸੰਤਾਂ ਦਾ ਮਨ ਭਾਉਂਦਾ ਕਾਵਿ ਕਾਫੀ ਸੀ। ਪੰਜਾਬ ਦੇ ਸੂਫੀ ਸੰਤਾਂ ਦੀਆਂ ਰਚਨਾਵਾਂ ਪੜ੍ਹਕੇ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਇਹਨਾਂ ਰਚਨਾਵਾਂ ਵਿੱਚ ਲਹਿੰਦੀ ਸ਼ਬਦਾਵਲੀ ਦੀ ਭਰਮਾਰ ਹੈ। ਗੁਰੂ ਗ੍ਰੰਥ ਸਾਹਿਬ ਦੇ ਕਾਫੀ ਵਾਲੇ ਕੁਛ ਸ਼ਬਦਾਂ ਨਾਲ ਫਰੀਦਕੋਟੀ ਟੀਕੇ ਵਿੱਚ ਟਿੱਪਣੀ ਕਰਦਿਆਂ ਇਹਨਾਂ ਸ਼ਬਦਾਂ ਦੀ ਬੋਲੀ ਨੂੰ ਲੰਮੇ ਦੇਸ਼ ਕੀ ਬੋਲੀ ਕਿਹਾ ਹੈ (ਦੇਖੋ ਫਰੀਦਕੋਟੀ ਟੀਕੇ ਦਾ ਪੰਨਾ 893 ਅਤੇ 1564) ਗੁਰੂ ਗ੍ਰੰਥ ਸਾਹਿਬ ਦੇ ਵੱਖ ਵੱਖ ਰਾਗਾਂ ਵਿੱਚ ਆਏ ਕਾਫੀ ਵਾਲੇ ਸ਼ਬਦਾਂ ਦੇ ਅੱਗੇ ਪਿਛੇ ਦੀ ਬਾਣੀ ਨੂੰ ਪੜਚੋਲ ਕੇ ਸਰਲਤਾ ਪੂਰਵਕ ਇਸ ਨਿਸ਼ਕਰਸ਼ ਤੇ ਪੁਜਿਆ ਜਾ ਸਕਦਾ ਹੈ ਕਿ ਹੋਰ ਸ਼ਬਦਾਂ ਦੀ ਨਿਸਬਤ ਕਾਫੀ ਸਿਰਲੇਖ ਵਾਲੇ ਸ਼ਬਦਾਂ ਵਿੱਚ ਲਹਿੰਦੀ ਪੰਜਾਬੀ ਦੇ ਅੱਖਰਾਂ ਦੀ ਬਹੁਲਤਾ ਹੈ। ਕੁਛ ਤੁਕਾਂ ਦੇ ਕੇ ਸਥਿਤੀ ਸਪੱਸ਼ਟ ਕਰਨ ਦਾ ਯਤਨ ਹੈ :-

ਤ. "ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ ॥
ਜਿਨਾ ਨੇਹੁ ਦੂਜਾਣੇ ਲਗਾ ਝੂਰ ਮਰਹੁ ਸੇ ਵਾਢੀਆ ॥"
"ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥
ਸ੍ਰਵਣੀ ਸੁਣੀ ਕਹਾਣੀਆਂ ਜੇ ਗੁਰੁ ਥੀਵੈ ਕਿਰਪਾਲਿ ॥"

(ਰਾਗੁ ਸੂਹੀ ਮਹਲਾ 5 ਘਰੁ 10 ਕਾਫੀ/ਪੰਨਾ 761)

ਥ. "ਆਵਉ ਵੰਞਉ ਡੁੰਮਣੀ ਕਿਤੀ ਕਿਤੁ ਕਰੇਉ ॥
ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥
ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥"

(ਰਾਗੁ ਮਾਰੂ ਕਾਫੀ 1 ਘਰੁ 2 ਪੰਨਾ 1014)

ਦ. ਪੂਰਬਿ ਲਿਖੇ ਡੇਹ ਸਿਆਏ ਮਾਇਆ ॥

(ਰਾਗੁ ਆਂਸਾ ਮਹਲਾ 4 ਘਰੁ 8 ਕੇ ਕਾਫੀ ਪੰਨਾ 369)

ਧ. "ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥"
"ਸਾਈ ਅਲਖੁ ਅਪਾਰ ਭੋਰੀ ਮਨਿ ਵਸੈ ॥"

''ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ।।''

(ਆਸਾ ਮਹਲਾ 5 ਘਰੁ 8 ਕਾਫੀ ਪੰਨਾ 996)

5. ਪੰਨਾ 369 ਤੇ ਰਾਗ ਆਸਾ ਦਾ ਸਿਰਲੇਖ ''ਰਾਗ ਆਸਾ ਮਹਲਾ 4 ਘਰੁ 8 ਕੇ ਕਾਫੀ'' ਭੀ ਇਸ ਸੰਬੰਧੀ ਮਹੱਤਵ ਪੂਰਨ ਹੈ, ਕਿਉਂਕਿ ਸਿਰਲੇਖ ਵਿੱਚ ਲਿਖਿਆ 'ਕੇ' ਜੇ ਕਾਫੀ ਰਾਗ ਲਈ ਵਰਤਿਆ ਹੁੰਦਾ ਤਾਂ ਇਹ 'ਕ' ਹੋਣਾ ਸੀ।

ਉਪਰੋਕਤ ਦਲੀਲਾਂ ਦੀ ਰੋਸ਼ਨੀ ਵਿੱਚ ਡਾ. ਸੁਰਿੰਦਰ ਸਿੰਘ ਕੋਹਲੀ ਦੇ ਇਸ ਕਥਨ ਨਾਲ ਸਹਿਮਤ ਹੋਣ ਦੀ ਹੀ ਜ਼ਿਆਦਾ ਗੁੰਜ਼ਾਇਸ਼ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕਾਫੀ ਕਾਵਿ-ਰੂਪ ਗੁਰ-ਪੁਰਖਾਂ ਨੇ ਵਰਤਿਆ ਹੈ। ਸ਼ਬਦ ਕਾਫੀ ਨੂੰ ਕੁਝ ਵਿਦਵਾਨਾਂ ਕਾਫੀ ਰਾਗ ਸਮਝ ਲਿਆ ਹੈ। ਪੰਜਾਬੀ ਦਾ ਉਸ ਸਮੇਂ ਬਹੁ-ਪ੍ਰਚੱਲਿਤ ਕਾਵਿ-ਰੂਪ ਗੁਰੂ ਗ੍ਰੰਥ ਸਾਹਿਬ ਵਿੱਚ ਹੋਵੇ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

**ਰਾਗ ਦੇਵਗੰਧਾਰ** :- ਪ੍ਰੋਫੈਸਰ ਤਾਰਾ ਸਿੰਘ, ਸ੍ਰੀ ਯੋਗੇਂਦਰ ਪਾਲ ਅਤੇ ਡਾ. ਦਵਿੰਦਰ ਸਿੰਘ ਵਿਦਿਆਰਥੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਦੇਵਗੰਧਾਰ ਦੀ ਮੌਜੂਦਗੀ ਮੰਨੀ ਹੈ, ਪਰ ਸ. ਨਿਰਵੈਰ ਸਿੰਘ 'ਅਰਸ਼ੀ' ਦੇ ਸ਼ਬਦਾਂ ਵਿੱਚ ''ਪ੍ਰੰਤੂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਾਲੀ ਪ੍ਰਚੱਲਿਤ ਬੀੜ ਵਿੱਚ ਅਜਿਹਾ ਕੋਈ ਰਾਗ ਸਾਨੂੰ ਨਹੀਂ ਮਿਲ ਸਕਿਆ।'' ਅਰਸ਼ੀ ਜੀ ਦਾ ਇਹ ਵਿਚਾਰ ਤਰੁੱਟੀ-ਪੂਰਣ ਹੈ। ਗੁਰੂ ਗ੍ਰੰਥ ਸਾਹਿਬ ਦੀਆਂ ਕਮੇਟੀ ਵੱਲੋਂ ਪ੍ਰਕਾਸ਼ਿਤ ਜਿਤਨੀਆਂ ਬੀੜਾਂ ਮੈਂ ਦੇਖੀਆਂ ਹਨ (ਜਿਹਨਾਂ ਵਿੱਚ ਉਹ ਬੀੜ ਭੀ ਹੈ ਜੋ ਕਾਫ਼ੀ ਸਮਾਂ ਪਹਿਲਾਂ ਕਮੇਟੀ ਨੇ ਸਾਰੇ ਮੂਲ ਮੰਤਰ ਉਪਰ ਰੱਖਕੇ ਪ੍ਰਕਾਸ਼ਿਤ ਕੀਤੀ ਸੀ) ਉਹਨਾਂ ਵਿੱਚ ਪੰਨਾ 531 ਤੇ ਗੁਰੂ ਅਰਜਨ ਦੇਵ ਜੀ ਦੇ ਦੇਵਗੰਧਾਰੀ ਵਿੱਚ 17ਵੇਂ ਸ਼ਬਦ ''ਅਪੁਨੇ ਹਰਿ ਪਹਿ ਬਿਨਤੀ ਕਹੀਐ'' ਦਾ ਸਿਰਲੇਖ ਦੇਵਗੰਧਰ ਮਹਲਾ 5 ਹੈ। ਭਾ. ਜਵਾਹਰ ਸਿੰਘ ਕਿਰਪਾਲ ਸਿੰਘ ਦੀਆਂ ਉਹ ਬੀੜਾਂ ਜਿਹਨਾਂ ਤੇ ਇਹ ਅੰਕਿਤ ਹੈ'' ਇਹਨਾਂ ਦੀ ਸੋਧ ਗੁਰਗੱਦੀ ਤੇ ਬਿਰਾਜਮਾਨ ਦਮਦਮੀ ਬੀੜ ਦੇ ਉਤਾਰਿਆ ਨਾਲ ਕੀਤੀ ਹੈ'' ਵਿੱਚ ਦੇਵਗੰਧਾਰ ਕਿਸੇ ਸ਼ਬਦ ਨਾਲ ਨਹੀਂ। ਪਰ ਇਸੇ ਪ੍ਰਕਾਸ਼ਨ ਦੀ ਇਕ ਪੁਰਾਣੀ ਬੀੜ ਵਿੱਚ ਦੇਵਗੰਧਾਰ ਮਹਲਾ 5 ਲਿਖਿਆ ਮਿਲਿਆ ਹੈ।

ਇਸ ਦੇ ਬਾਹਰ ਸੁਧਾਈ ਲਈ ਨੋਟ ਹੈ। ਇਸ ਦੀ ਸੋਧ ਸ੍ਰੀ ਕਰਤਾਰ ਪੁਰੀ ਬੀੜ ਤੇ ਦਮਦਮੀ ਬੀੜ ਨਾਲ ਕੀਤੀ ਗਈ ਹੈ। 'ਕੁਛ ਹੱਥ ਲਿਖਤ ਬੀੜਾਂ ਭੀ ਦੇਖੀਆਂ ਪਰ ਉਹਨਾਂ ਵਿੱਚ ਰਾਗਦੇਵਗੰਧਾਰ ਨਹੀਂ ਮਿਲਿਆ। ਭਾਵੇਂ ਰਾਗ ਦੇਵਗੰਧਾਰ ਭਾਰਤੀ ਸੰਗੀਤ ਸ਼ਾਸਤਰ ਵਿੱਚ ਉਪਲੱਬਧ ਹੈ, ਪਰ ਅਸਾਂ ਪਹਿਲਾਂ ਦੇਖਿਆ ਹੈ ਕਿ ਰਾਗਾਂ ਦਾ ਸਰੂਪ ਨਿਰਧਾਰਣ ਕਰਨ ਸਮੇਂ ਅਸੀਂ ਸਿਰਲੇਖਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਰਾਗਾਂ ਦੇ ਅਧੀਨ ਜਿਥੇ ਰਾਗ ਆਏ ਹਨ ਉਥੇ ਨਵੇਂ ਸਿਰਲੇਖ ਅਤੇ ਨਵੀਂ ਗਿਣਤੀ ਆਮ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦੀ ਹੈ (ਆਸਾਵਰੀ, ਸੂਹੀ ਲਲਿਤ ਬਸੰਤ ਹਿੰਡੋਲ, ਕਲਿਆਨੁ

ਭੋਪਾਲੀ ਰਾਗ ਦੇਖੇ ਜਾ ਸਕਦੇ ਹਨ) ਦੇਵਗੰਧਾਰ ਦਾ ਦੇਵਗੰਧਾਰੀ ਵਿਚ ਗੁਆਚ ਜਾਣਾ ਭੀ ਸਰਲ ਸੀ, ਇਸ ਕਰਕੇ ਭੀ ਇਸਦਾ ਅੱਡਰਾ ਨਵਾਂ ਸਿਰਲੇਖ ਜ਼ਰੂਰੀ ਹੋ ਹੋ ਜਾਂਦਾ ਸੀ। ਲੱਗਦਾ ਹੈ ਸ੍ਰੋਮਣੀ ਕਮੇਟੀ ਨੇ ਇਹ ਚੀਜ਼ ਕਰਤਾਰਪੁਰੀ ਬੀੜ ਤੋਂ ਲਈ ਹੋਵੇਗੀ, ਪਰ ਕਰਤਾਰਪੁਰੀ ਬੀੜ ਵਿੱਚ ਦੋ ਥਾਵਾਂ ਤੇ ਦੇਵਗੰਧਾਰੀ ਮਹਲਾ 5 ਲਿਖਕੇ ਅੱਗੇ ਕੋਈ ਸ਼ਬਦ ਨਹੀਂ ਚੜ੍ਹਾਇਆ (ਦੇਖੋ ਕਰਤਾਰਪੁਰੀ ਬੀੜ ਦੇ ਦਰਸ਼ਨ) ਜੋ ਪਹਿਲੀ ਰਚਨਾ ਹੋਣ ਕਾਰਨ ਕੋਈ ਅਣਹੋਣੀ ਗੱਲ ਨਹੀਂ। ਦੂਜੀ ਗੱਲ ਇਹ ਹੈ ਕਿ ਰਾਗ ਬਦਲਣ ਨਾਲ ਸ਼ਬਦਾਂ ਦੀ ਗਿਣਤੀ ਦੇ ਅੰਕ ਭੀ ਬਦਲ ਜਾਂਦੇ ਹਨ। ਅੰਕਾਂ ਸੰਬੰਧੀ ਪ੍ਰੋ. ਤਾਰਾ ਸਿੰਘ ਜੀ ਦਾ ਮੱਤ ਹੈ, "ਇੱਕ ਹੋਰ ਸਪੱਸ਼ਟੀਕਰਣ ਰਾਗਾਂ ਦੀ ਭਿੰਨਤਾ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਸਥਾਨਾਂ ਤੇ ਉਪਲੱਬਧ ਹੁੰਦਾ ਹੈ, ਉਹ ਹੈ 'ਅੰਕਾਂ' ਦਾ ਉਦਾਹਰਣ ਵੱਜੋਂ : ਗਉੜੀ ਮੁੱਖ ਰਾਗ ਦੇ ਪ੍ਰਵਾਰ ਵਿੱਚ ਗੁਰੂ ਨਾਨਕ ਬਾਣੀ ਜਾਰੀ ਹੈ ਜਿਨ੍ਹਾਂ ਦਾ ਅੰਤਮ ਜੋੜ ਹੈ (17), ਪਰੰਤੂ ਜਿਸ ਵੇਲੇ ਗੁਰੂ ਨਾਨਕ ਬਾਣੀ ਵਿੱਚ 'ਗਉੜੀ ਬੈਰਾਗਣਿ ਮਹਲਾ 1' (ਰੈਣਿ ਗਵਾਈ ਸੋਇ ਕੇ) ਸ਼ਬਦ ਦਾ ਆਰੰਭ ਹੁੰਦਾ ਹੈ ਤਾਂ ਸੰਕੇਤ ਹੈ 'ਗਉੜੀ ਬੈਰਾਗਣਿ' ਅਤੇ ਇਸ ਸ਼ਬਦ ਦੇ ਅੰਤ ਵਿੱਚ ਅੰਕ ਹਨ 4 ॥ 1 ॥ 18 ਅਤੇ ਇਸੇ ਤਰ੍ਹਾਂ ਦੂਜੇ ਸ਼ਬਦਾਂ ਵਿੱਚ ਗਉੜੀ ਬੈਰਾਗਣਿ ਮਹਲਾ 1 (ਹਰਣੀ ਹੋਵਾਂ ਬਨਿ ਬਸਾਂ) ਦੇ ਅੰਤ ਵਿੱਚ ਅੰਕ ਸੰਖਿਆ ਹੈ 4 ॥ 12 ॥ 19 ਉਪਰੋਕਤ ਹਵਾਲਾ ਸਾਡੇ ਮੱਤ ਦਾ ਪੂਰਨ ਤੌਰ ਤੇ ਸਮਰਥਨ ਕਰਦਾ ਹੈ" (ਹੋਰ ਵਿਸਥਾਰ ਲਈ ਦੇਖੋ ਨਾਨਕ ਪ੍ਰਕਾਸ਼ ਪੱਤ੍ਰਿਕਾ ਦਿਸੰਬਰ 1983)। ਪਤਾ ਨਹੀਂ ਕਿਉਂ ਦੇਵਗੰਧਾਰ ਦੇ ਸੰਬੰਧ ਵਿਚ ਵਿਦਵਾਨਾਂ ਨੇ ਨਵਾਂ ਅੰਕ ਅਤੇ ਨਵਾਂ ਸਿਰਲੇਖ ਦੋਹਾਂ ਦੀ ਅਣਹੋਂਦ ਨੂੰ ਨਜ਼ਰ-ਅੰਦਾਜ਼ ਕਰਕੇ ਦੇਵਗੰਧਾਰ ਰਾਗ ਹੋਣਾ ਮੰਨਿਆ ਹੈ। ਸਾਡਾ ਖ਼ਿਆਲ ਹੈ ਕਿ ਕਰਤਾਰਪੁਰੀ ਬੀੜ ਤੋਂ ਇਲਾਵਾ ਹੋਰ ਪ੍ਰਾਚੀਨ ਅਤੇ ਪ੍ਰਮਾਣੀਕ ਬੀੜਾਂ ਦੀ ਸਹਾਇਤਾ ਲੈਕੇ ਹੀ ਦੇਵਗੰਧਾਰ ਸੰਬੰਧੀ ਕੋਈ ਨਿਰਣਾ ਲਿਆ ਜਾ ਸਕਦਾ ਹੈ।

**ਬਿਲਾਵਲੁ ਦਖਣੀ** : ਬਿਲਾਵਲੁ ਰਾਗ ਵਿਚ ਪੰਨਾ 843 ਉਤੇ ਇਕ ਸਿਰਲੇਖ ਹੈ 'ਬਿਲਾਵਲੁ ਮਹਲਾ ੧ ਛੰਤ ਦਖਣੀ'। ਕੇਵਲ ਇਸ ਸਿਰਲੇਖ ਵਿਚ ਦਖਣੀ ਆਉਣ ਕਰਕੇ ਪ੍ਰੋ: ਤਾਰਾ ਸਿੰਘ ਅਤੇ ਸ੍ਰੀ ਯੋਗੇਂਦਰ ਪਾਲ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਰਾਗ ਬਿਲਾਵਲੁ ਦਖਣੀ ਖੋਜ ਲੈਣ ਦਾ ਦਾਅਵਾ ਕੀਤਾ ਹੈ। ਫਰੀਦਕੋਟੀ ਟੀਕੇ ਵਿਚ ਇਸ ਸੰਬੰਧੀ ਟੂਕ ਹੈ, "ਦੱਖਣੀ ਛੰਤ ਕੀ ਚਾਲ ਮੇਂ ਉਪਦੇਸ਼ ਕਰਤੇ ਹੈਂ।" (ਪੰਨਾ 1736) ਇਸ ਸ਼ਬਦ ਦੇ ਸਿਰਲੇਖ ਵਿੱਚ ਸ਼ਬਦ ਦਖਣੀ ਰਾਗ ਬਿਲਾਵਲੁ ਨਾਲ ਨਹੀਂ ਵਰਤਿਆ ਬਲਕਿ ਸਪੱਸ਼ਟ ਤੌਰ ਤੇ ਛੰਤ ਨਾਲ ਵਰਤਿਆ ਸੀ ਜੇ ਫਿਰ ਇਸ ਨੂੰ ਰਾਗ ਬਿਲਾਵਲੁ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ? ਡਾ: ਸੁਰਿੰਦਰ ਸਿੰਘ 'ਕੋਹਲੀ' ਦੇ ਮੱਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਸ਼ਬਦ ਪੰਜਾਬ ਦੇ ਦੱਖਣ ਭਾਵ ਸਿੰਧ ਪ੍ਰਾਂਤ ਵੱਲ ਸੰਕੇਤ ਕਰਦਾ ਹੈ ਨਾਂ ਕਿ ਦੱਖਣ ਭਾਰਤ ਵੱਲ ਉਹਨਾਂ ਦੇ ਕਥਨ ਦੀ ਪ੍ਰੋੜ੍ਹਤਾ ਲਈ ਡੱਖਣੇ ਸਲੋਕ ਸਾਡੇ ਸਹਾਇਕ ਹਨ। ਗੁਰੂ ਨਾਨਕ ਦੇਵ ਜੀ ਦੇ ਦੱਖਣੀ ਛੰਤ ਸਿਰਲੇਖ ਥੱਲੇ ਬਿਲਾਵਲੁ ਰਾਗ ਵਿਚ ਦੋ ਛੰਤ ਹਨ। ਇਹਨਾ ਛੰਤਾਂ ਵਿੱਚ ਆਏ ਕੁਛਕੁ ਸ਼ਬਦ ਦੇਖਕੇ ਇਸ ਨਿਰਣੇ

ਤੇ ਪਹੁੰਚਿਆ ਜਾ ਸਕਦਾ ਹੈ ਕਿ ਦੱਖਣੀ ਸ਼ਬਦ ਸਬੰਧੀ ਫਰੀਦਕੋਟੀ ਟੀਕੇ ਦਾ ਮੱਤ ਸਹੀ ਹੈ ਨਾ ਕਿ ਵਿਦਵਾਨ ਸੰਗੀਤਕਾਰਾਂ ਦਾ। ਹਵਾਲੇ ਲਈ : ਨਵੇਲੜੀਆ, ਮੋਹਿਅੜੀ ਸਬਾਇੜੀਹੇ, ਘਣਾਂ, ਭਿਨੜੀ; ਸੂਤੜੀਏ, ਸਲੋਨੜੀਏ। ਪ੍ਰੋਫੈਸਰ ਕੋਹਲੀ ਨੇ ਠੀਕ ਹੀ ਰਾਮਕਲੀ ਰਾਗ ਦੀ ਬਾਣੀ ਓਅੰਕਾਰ ਨਾਲ ਦੱਖਣੀ ਸ਼ਬਦ ਜੋੜਿਆ ਹੈ, ਰਾਗ ਨਾਲ ਨਹੀਂ। ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ, ਵਡਹੰਸ, ਰਾਮਕਲੀ, ਮਾਰੂ, ਪ੍ਰਭਾਤੀ ਨਾਲ ਭੀ ਦੱਖਣੀ ਸ਼ਬਦ ਆਇਆ ਹੈ, ਪਰ ਕਿਉਂਕਿ ਇਹਨਾਂ ਸ਼ਬਦਾਂ ਦੇ ਸਿਰਲੇਖਾਂ ਵਿੱਚ ਦੱਖਣੀ ਸ਼ਬਦ ਦਾ ਸੰਬੰਧ ਛੰਤ ਨਾਲ ਨਹੀਂ, ਇਸ ਕਰਕੇ ਹੋਰ ਤੱਥ ਸਾਹਮਣੇ ਆਉਣ ਤੱਕ ਅਸੀਂ ਸੰਗੀਤਕਾਰਾਂ ਨਾਲ ਸੰਮਤੀ ਰੱਖਦੇ ਹਾਂ ਕਿ ਇਹ ਰਾਗ ਦੀ ਵੱਖਰੀ ਵੰਨਗੀ ਲਈ ਵਰਤਿਆ ਹੈ। ਇਹ ਵਿਚਾਰ ਕਰਨੀ ਭੀ ਜ਼ਰੂਰੀ ਹੈ ਕਿ ਦੱਖਣ ਪੰਜਾਬ ਨਾਲ ਸੰਬੰਧਿਤ ਕੀਤਾ ਜਾਵੇ ਜਾਂ ਦੱਖਣ ਭਾਰਤ ਦੇਸ਼ ਮੰਨਿਆ ਜਾਵੇ। ਪ੍ਰੋ: ਤਾਰਾ ਸਿੰਘ ਅਤੇ ਸ੍ਰੀ ਯੋਗੇਂਦਰ ਪਾਲ ਸ਼ਰਮਾ ਅਨੁਸਾਰ ਗੁਰੂ ਸਾਹਿਬ ਨੇ ਦੱਖਣੀ ਪੱਧਤੀ ਦੇ ਰਾਗ ਲੈ ਕੇ ਉਤਰ-ਭਾਰਤੀ ਪੱਧਤੀ ਅਤੇ ਕਰਨਾਟਕੀ ਸੰਗੀਤ ਵਿੱਚ ਸਾਂਝ ਪੈਦਾ ਕਰਨ ਦਾ ਯਤਨ ਕੀਤਾ ਹੈ। ਪਰ ਸਿਆਣੇ ਜਾਣਦੇ ਹਨ ਕਿ ਸਿੱਖਾਂ ਦੀ ਕੀਰਤਨ ਸ਼ੈਲੀ ਵਿਚ ਦੱਖਣ ਭਾਰਤੀ ਸੰਗੀਤ ਦਾ ਉਤਨਾ ਹੀ ਅੰਸ਼ ਹੈ, ਜਿਤਨਾ ਹਿੰਦੁਸਤਾਨੀ ਸੰਗੀਤ ਦੀਆਂ ਹੋਰ ਸ਼ੈਲੀਆਂ ਵਿੱਚ। ਕਿਸੇ ਸ਼ਾਇਦ ਹੀ ਕਦੇ ਐਸਾ ਕੀਰਤਨ ਸੁਣਿਆ ਹੋਵੇ ਜੋ ਦੱਖਣੀ ਪੱਧਤੀ ਦੇ ਅਨੁਕੂਲ ਹੋਵੇ। ਨਾ ਤਾਂ ਸਾਡੇ ਕੀਰਤਨ ਵਿਚ ਦੱਖਣ ਦੇ ਸਾਜ਼ਾਂ, ਰਾਗਾਂ, ਤਾਲਾਂ ਦਾ ਕੋਈ ਪ੍ਰਚਲਣ ਹੈ ਅਤੇ ਨਾ ਹੀ ਸਾਡੇ ਪਾਸ ਉੱਤਰ ਭਾਰਤੀ ਸੰਗੀਤ ਪੱਧਤੀ ਤੋਂ ਕੋਈ ਵੱਖਰੀ ਗਾਇਨ ਪੱਧਤੀ ਹੈ, ਜਿਸ ਨੂੰ ਦੱਖਣੀ ਅਤੇ ਉੱਤਰੀ ਸੰਗੀਤ ਦੇ ਸੁਮੇਲ ਲਈ ਪ੍ਰਮਾਣ ਵੱਜੋਂ ਵਰਤ ਸਕੀਏ। ਦਰਅਸਲ ਬਹੁਤ ਸਾਰੇ ਵਿਦਵਾਨਾਂ ਨੇ ਨਵੀਨ ਖੋਜ ਦੀ ਕਾਹਲ ਵਿੱਚ ਸ਼ੈਲੀ ਅਤੇ ਪੱਧਤੀ ਨੂੰ ਇਸ ਬੇਸਮਝੀ ਨਾਲ ਰਲਗੱਡ ਕੀਤਾ ਹੈ ਕਿ ਉਹਨਾਂ ਕੋਈ ਨਵੇਂ ਸਿਧਾਂਤ ਸਥਾਪਿਤ ਕੀਤੇ ਬਿਨ੍ਹਾਂ ਹੀ ਪੱਧਤੀ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਡਾ: ਕੋਹਲੀ ਦੇ ਵਿਚਾਰਾਂ ਨਾਲ ਸਾਡੀ ਪੂਰੀ ਸਹਿਮਤੀ ਹੈ ਕਿ ਦੱਖਣ ਸ਼ਬਦ ਸਿੰਧ ਪ੍ਰਾਂਤ ਦੀ ਤਰਫ ਦੀਆਂ ਬੋਲੀਆਂ ਅਤੇ ਸ਼ੈਲੀਆਂ ਲਈ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਤਿਆ ਹੈ।

**ਬਿਲਾਵਲੁ ਮੰਗਲੁ :** ਰਾਗ ਬਿਲਾਵਲੁ ਦੇ ਹੀ ਪੰਨਾ 844 ਤੇ ਸਿਰਲੇਖ 'ਛੰਤ ਬਿਲਾਵਲੁ ਮਹਲਾ 4 ਮੰਗਲ' ਅਤੇ ਪੰਨਾ 847 ਤੇ 'ਬਿਲਾਵਲੁ ਮਹਲਾ 5 ਛੰਤ ਮੰਗਲ' ਨੂੰ ਪੜ੍ਹਕੇ ਪ੍ਰੋ: ਤਾਰਾ ਸਿੰਘ ਨੇ ਰਾਗ ਬਿਲਾਵਲੁ ਮੰਗਲ ਹੋਣਾਂ ਸਵੀਕਾਰਿਆ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਬਿਲਾਵਲੁ ਮੰਗਲ ਮੰਨਣਾ ਭੀ ਭਰਮ ਅਤੇ ਉਕਾਈ ਤੋਂ ਸਿਵਾ ਕੁਛ ਨਹੀਂ। ਸਿਰਲੇਖ ਵਿੱਚ ਮੰਗਲ ਨਾਲ ਛੰਤ ਲਿਖਕੇ ਨਿਤਾਰਾ ਕਰ ਦਿੱਤਾ ਹੈ ਕਿ ਇਹ ਮੰਗਲਈ ਛੰਤ ਹੈ ਜਿਸ ਵਿੱਚ ਪ੍ਰਭੂ ਮੇਲ ਤੋਂ ਉਤਪੰਨ ਹੋਏ ਅਨੰਦ ਮੰਗਲ ਨੂੰ ਵਰਣਨ ਕੀਤਾ ਹੈ। ਫਰੀਦਕੋਟੀ ਟੀਕੇ ਦੀ ਟੂਕ ਹੈ, "ਅਬ ਵਾਹਿਗੁਰੂ ਕੀ ਪ੍ਰਾਪਤੀ ਹੋਣੇ ਸੇ ਅਪਨੇ ਅਨੰਦ ਕੀ ਦਸ਼ਾ ਉਚਾਰਨ ਕਰਤੇ ਹੈਂ।" ਸ਼ਬਦ ਦੀਆਂ ਕੁਛ ਤੁਕਾਂ :-

"ਮੇਰਾ ਹਰਿ ਪ੍ਰਭ ਸੇਜੈ ਆਇਆ ਮਨ ਸੁਖਿ ਸਮਾਣਾ ਰਾਮ ॥
ਗੁਰਿ ਤੁਠੈ ਹਰਿ ਪ੍ਰਭੁ ਆਇਆ ਰੰਗਿ ਰਲੀਆ ਮਾਣਾ ਰਾਮ ॥" ਪੰਨਾ 844

"ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥
ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹ ਜੀਉ ॥" ਪੰਨਾ 847

ਇਹਨਾਂ ਮੰਗਲਈ ਛੰਤਾਂ ਵਿਚਕਾਰ ਇਕ ਹੋਰ ਛੰਤ ਵਿੱਚ "ਮੰਗਲੁ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ" "ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ" ਭਵਨ ਸੁਹਾਵੜਾ ਧਰਤਿ ਸਭਾਗੀ ਰਾਮ" ਆਦਿ ਤੁਕਾਂ ਮੰਗਲ ਦੇ ਰਾਗ ਹੋਣ ਦਾ ਭਰਮ ਨਿਵਿਰਤ ਕਰਨ ਲਈ ਸੁਹਣੇ ਪਰਮਾਣ ਹਨ । ਫਿਰ ਵਿਦਵਾਨਾਂ ਪਾਸ ਖੋਜ ਦੀ ਇੱਕ ਵਿਧੀ ਹੋਣੀ ਚਾਹੀਦੀ ਹੈ, ਜਿੱਥੇ ਜ਼ਰੂਰਤ ਹੋਵੇ ਸਿਰਲੇਖ ਤੇ ਅੰਕ ਵਰਤਕੇ ਦੂਜੀ ਥਾਂਵੇਂ ਆਪਣੀ ਨਵੀਂ ਖੋਜ ਦੇ ਨਜ਼ਾਇਜ਼ ਹਿੱਤ ਵਿੱਚ ਇਹਨਾਂ ਨੂੰ ਨਜ਼ਰ-ਅੰਦਾਜ਼ ਕਰਨਾ ਲਾਭਕਾਰੀ ਵਿਦਿਆ ਨਹੀਂ । ਸਾਡੇ ਵਿਚਾਰ ਅਨੁਸਾਰ ਛੰਤ ਨੂੰ ਰਾਜ ਮੰਗਲੁ ਮੰਨਣਾ ਸਰਵਥਾ ਅਨੁਚਿਤ ਹੈ ।

**ਲਲਿਤ :** ਸੂਹੀ ਰਾਗ ਵਿੱਚ ਸੂਹੀ ਰਾਗ ਨਾਲ ਲਲਿਤ ਦੇ ਮਿਲੇ ਹੋਣ ਸੰਬੰਧੀ ਤਾਂ ਵਿਦਵਾਨ ਇਕ ਮੱਤ ਹਨ, ਪਰ ਸੂਹੀ ਵਿੱਚ ਆਏ ਸੁਤੰਤਰ ਲਲਿਤ ਰਾਗ ਨੂੰ ਵਿਦਵਾਨ ਸੰਗੀਤਕਾਰਾਂ ਨੇ ਆਪਣੀ ਰਾਗ-ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ । ਸੂਹੀ ਰਾਗ ਵਿੱਚ ਲਲਿਤ ਸੰਬੰਧੀ ਦੋ ਤਰ੍ਹਾਂ ਦੇ ਸਿਰਲੇਖ ਹਨ :-

1. ਸੂਹੀ ਕਬੀਰ ਜੀਉ ਲਲਿਤ (ਗੁ. ਗ੍ਰੰ. ਪੰਨਾ 793)
2. ਸੂਹੀ ਲਲਿਤ ਕਬੀਰ ਜੀਉ (ਉਹੀ)

ਸਿਰਲੇਖ ਦੇ ਹਿਸਾਬ ਨਾਲ ਦੂਸਰੀ ਸਥਿਤੀ ਵਿੱਚ ਰਾਗ ਸੂਹੀ ਲਲਿਤ ਬਣਦਾ ਹੈ, ਪਰ ਜਿਸ ਤਰੀਕੇ ਨਾਲ ਹਿੰਡੋਲ, ਬਿਭਾਸ ਆਦਿ ਰਾਗਾਂ ਦੀ ਸੁਤੰਤਰਤਾ ਹੰਦ ਭੀ ਅਸਾਂ ਸਵੀਕਾਰੀ ਹੈ, ਉਸੇ ਤਰ੍ਹਾਂ ਪਹਿਲੇ ਸਿਰਲੇਖ ਵਿੱਚ ਰਾਗ ਸੂਹੀ ਤੇ ਲਲਿਤ ਮਿਸ੍ਰਿਤ ਨਹੀਂ ਬਲਕਿ, ਰਾਗ ਸ਼ੁਧ ਲਲਿਤ ਹੀ ਸਾਨੂੰ ਮੰਨਣਾ ਚਾਹੀਦਾ ਹੈ ।

**ਸੁਧੰਗ :** ਗੁਰੂ ਗ੍ਰੰਥ ਸਾਹਿਬ ਦੇ ਪੰਨਾਂ 369 ਤੇ ਆਸਾ ਰਾਗ ਵਿੱਚ ਇੱਕ ਸਿਰਲੇਖ ਹੈ, "ਰਾਗੁ ਆਸਾਵਰੀ ਘਰੁ 16 ਕੇ 2 ਮਹਲਾ 4 ਸੁਧੰਗ" । ਇਹ ਇੱਕ ਵਿਲੱਖਣ ਸਿਰਲੇਖ ਹੈ, ਜਿਸਦੀ ਮਿਸਾਲ ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਕਿਤੇ ਨਹੀਂ ਮਿਲਦੀ। ਡਾ. ਕੋਹਲੀ ਨੇ ਸੁਧੰਗ ਬਾਰੇ ਲਿਖਿਆ ਹੈ, "ਇਹ ਸ਼ਬਦ ਸੰਗੀਤਕਾਰਾਂ ਲਈ ਕੇਵਲ ਇੱਕ ਹਿਦਾਇਤ ਹੈ ਕਿ ਇਹਨਾਂ ਸਬਦਾਂ ਨੂੰ ਸ਼ੁਧ ਰਾਗ ਆਸਾਵਰੀ ਵਿੱਚ ਗਾਣਾ ਹੈ ਤੇ ਆਸਾ ਜੋ ਕਿ ਸ਼ੁਧ ਰਾਗ ਵਿੱਚ ਨਹੀਂ ਉਸ ਵਿੱਚ ਨਹੀਂ ਗਾਣਾਂ" ਅਸਲ ਵਿੱਚ ਇਸ ਹਿਦਾਇਤ ਦਾ ਆਸਾ ਰਾਗ ਦੇ ਸ਼ੁਧ ਜਾਂ ਛਾਇਆਲਗ, ਸੰਕੀਰਣ ਹੋਣ ਨਾਲ ਕੋਈ ਵਾਸਤਾ ਨਹੀਂ । ਸ਼ਬਦ 'ਸੁਧੰਗ' ਤੋਂ ਦੋ ਕਿਸਮ ਦੇ ਸੰਕੇਤ ਮਿਲਣ ਦੀ ਸੰਭਾਵਨਾਂ ਹੋ ਸਕਦੀ ਹੈ, ਇੱਕ ਤਾਂ ਇਹ ਕਿ ਇਸ ਨੂੰ ਆਸਾ ਰਾਗ ਨਾਲ ਮਿਲਾ ਕੇ ਨਹੀਂ ਗਾਉਣਾ, ਬਲਕਿ ਆਸਾਵਰੀ ਨੂੰ ਸ਼ੁਧ ਰੱਖ ਕੇ ਗਾਇਨ ਕਰਨਾ ਹੈ । ਦੂਜਾ ਇਹ ਕਿ ਸੰਗੀਤਕਾਰ ਇਸ ਤੱਥ ਤੋਂ ਵਾਕਿਫ਼ ਹਨ ਕਿ ਆਸਾ-ਵਰੀ ਦੇ ਦੋ ਸਰੂਪ ਅੱਜ ਭੀ ਬਹੁ-ਪ੍ਰਚੱਲਿਤ ਹਨ, ਇਕ ਸ਼ੁਧ ਰਿਸ਼ਭ ਆਸਾਵਰੀ ਅਤੇ ਦੂਜੀ

ਕੋਮਲ ਰਿਸ਼ਭ ਆਸਾਵਰੀ । ਅਸਲ ਆਸਾਵਰੀ ਸ਼ੁੱਧ ਰਿਸ਼ਭ ਵਾਲੀ ਹੀ ਮੰਨੀ ਜਾਂਦੀ ਹੈ। 'ਸੁਧੰਗ' ਜਿਥੇ ਇਕ ਵੰਨੇ ਆਸਾ ਤੇ ਆਸਾਵਰੀ'ਮਿਸ਼੍ਰਿਤ ਨਾ ਕਰਨ ਦੀ ਹਿਦਾਇਤ ਹੈ ਉੱਥੇ ਆਸਾਵਰੀ ਦਾ ਅਸਲੀ ਰੂਪ ਗਾਣ ਦਾ ਪ੍ਰਤੀਕ ਹੈ ।

**ਰਾਮਕਲੀ ਅਨੰਦ** :- ਸ. ਨਿਰਵੈਰ ਸਿੰਘ 'ਅਰਸ਼ੀ ਨੇ ਆਪਣੇ ਲੇਖ ਵਿਚ ਡਾ. ਮਹਿੰਦਰ ਕੌਰ ਗਿੱਲ ਵੱਲੋਂ ਰਾਮਕਲੀ ਅਨੰਦ ਨੂੰ ਰਾਮਕਲੀ ਰਾਗ ਦੀ ਇਕ ਕਿਸਮ ਅਤੇ 'ਨੁ' ਤੇ 'ਣੁ' ਦੇ ਅੰਤਰ ਕਰਕੇ ਨਟ ਨਾਰਾਇਨੁ ਅਤੇ ਨਟ ਨਾਰਾਇਣੁ ਨੂੰ ਵੱਖਰੇ ਰਾਗ ਮੰਨਣ ਦਾ ਜ਼ਿਕਰ ਕੀਤਾ ਹੈ । ਵਿਦਵਾਨ ਤਾਂ ਕੀ ਸਰਵ-ਸਾਧਾਰਨ ਸਿੱਖ ਧਰਮ ਅਵਿਲੰ-ਬੀਆਂ ਨੂੰ ਭੀ ਇਹ ਜਾਣਕਾਰੀ ਹੈ ਕਿ ਸ੍ਰੀ ਗੁਰੂ ਅਮਰਦਾਸ ਜੀ ਦੇ ਪੋਤਰੇ ਅਨੰਦ ਦੇ ਨਾਮਕਰਣ ਸਮੇਂ ਤੀਜੇ ਪਾਤਿਸ਼ਾਹ ਨੇ ਇਸ ਬਾਣੀ ਰਾਹੀਂ ਇਕੱਤਰ ਹੋਈ ਸੰਗਤ ਨੂੰ ਅਸਲ ਅਨੰਦ ਦਾ ਬੋਧ ਕਰਾਇਆ ਸੀ । ਇਸ ਬਾਣੀ ਵਿਚ "ਅਨੰਦੁ ਭਇਆ ਮੇਰੀ ਮਾਏ", 'ਅਨੰਦੁ ਅਨੰਦੁ ਸਭੁ ਕੋ ਕਹੈ" ਕਹੈ ਨਾਨਕੁ ਏਹੁ ਅਨੰਦੁ ਹੈ" "ਅਨਦੁ ਸੁਣਹੁ ਵਡਭਾਗੀਹੋ" ਤੋਂ ਇਲਾਵਾ ਹੋਰ ਕਈ ਤੁਕਾਂ ਵਿਚ ਅਨੰਦੁ ਸ਼ਬਦ ਆਇਆ ਹੈ, ਪਰ ਕਿਤੇ ਵੀ ਰਾਗ ਦਾ ਸੂਚਕ ਨਹੀਂ, ਆਤਮਕ ਖੁਸ਼ੀ ਦਾ ਪ੍ਰਤੀਕ ਹੈ । ਇਸ ਤਰ੍ਹਾਂ ਤਾਂ ਭਚੱਜੀ, ਸੁਚੱਜੀ, ਗੋਸਟਿ, ਸੁਖਮਨੀ ਤੇ ਪਤਾ ਨਹੀਂ ਕਿਤਨੇ ਹੋਰ ਰਾਗ ਸਾਨੂੰ ਮੰਨਣੇ ਪੈਣਗੇ । ਨਟ ਨਾਰਾਇਨੁ ਤੇ ਨਟ ਨਾਰਾਇਣੁ ਨੂੰ ਵੱਖਰੇ ਰਾਗ ਮੰਨਣ ਜਿਹੀ ਪੱਧਰ ਦੀ ਖੋਜ ਦਾ ਮੈਂ ਸਮਝਦਾ ਹਾਂ ਕੋਈ ਜੁਆਬ ਨਾ ਦੇਣਾ ਹੀ ਉਚਿਤ ਹੈ ।

ਉਪਰੋਕਤ ਵਿਚਾਰ ਦਾ ਸਾਰ-ਭਾਵ ਇਹ ਹੈ ਕਿ 31 ਪ੍ਰਮੁੱਖ ਰਾਗਾਂ ਤੋਂ ਇਲਾਵਾ 25 ਹੋਰ ਰਾਗ ਸਥਾਪਿਤ ਹੋ ਸਕਦੇ ਹਨ, ਇਸ ਤਰ੍ਹਾਂ ਰਾਗਾਂ ਦੀ ਕੁਲ ਗਿਣਤੀ ਤਰਕ-ਸੰਗਤ ਤਰੀਕੇ ਨਾਲ 56 ਦੇ ਕਰੀਬ ਹੋ ਸਕਦੀ ਹੈ । ਸਾਹਿਤਕਾਰ ਜੇ 31 ਰਾਗ ਲਿਖਦੇ ਹਨ ਤਾਂ ਉਸਨੂੰ ਭੀ ਗਲਤ ਬਿਆਨੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਗਿਣਤੀ ਤਤਕਰੇ ਅਤੇ ਰਾਗਾਂ ਦੀ ਸੁਰੂਆਤ ਲਈ ਬਣਾਏ ਮੁੱਖ ਸਿਰਲੇਖਾਂ ਦੇ ਅਨੁਕੂਲ ਹੈ । ਬਾਕੀ ਰਾਗਾਂ ਨੂੰ ਇਹਨਾਂ ਮੁਖ ਰਾਗਾਂ ਦੇ ਅਧੀਨ ਹੀ ਸਥਾਨ ਦਿੱਤਾਂ ਹੈ, ਭਾਵੇਂ ਅਧੀਨ ਹੋ ਕੇ ਭੀ ਕੁਛ ਰਾਗ ਸੁਤੰਤਰ ਹੀ ਹਨ ।

**ਰਾਗ ਮੁਕਤਿ ਬਾਣੀ ਸੰਬੰਧੀ** : ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਦਿ ਅਤੇ ਅੰਤ ਵਿੱਚ ਕੁਛ ਕੁ ਬਾਣੀਆਂ ਰਾਗ-ਮੁਕਤਿ ਹਨ, ਜਿਹਨਾਂ ਸਿਰਲੇਖਾਂ ਵਿੱਚ ਕਿਸੇ ਰਾਗ ਦਾ ਨਾਮ ਬਾਕੀ ਬਾਣੀ ਦੀ ਤਰ੍ਹਾਂ ਨਹੀਂ ਹੈ । ਗੁਰੂ ਗ੍ਰੰਥ ਸਾਹਿਬ ਦੇ ਆਦਿ ਵਿੱਚ ਰਾਗ ਦੇ ਸਿਰਲੇਖ ਤੋਂ ਮੁਕਤ ਜਪੁ ਬਾਣੀ ਹੈ । ਡਾ, ਜੁਗਿੰਦਰ ਸਿੰਘ ਨੇ ਆਪਣੇ ਲੇਖ 'ਜਪੁਜੀ ਦੀ ਕਾਵਿ ਕਲਾ (ਨਾਨਕ ਪ੍ਰਕਾਸ਼ ਪਤ੍ਰਿਕਾ ਦਸੰਬਰ 1983) ਵਿੱਚ ਜਪੁ ਦੇ ਰਾਗ ਸੰਬੰਧੀ ਡਾ: ਤਾਰਨ ਸਿੰਘ ਦੇ ਵਿਚਾਰ ਉਦਿੱਤ ਕਰਦਿਆਂ ਲਿਖਿਆ ਹੈ :

ਜੇ ਜਪੁਜੀ ਕਿਸੇ ਰਾਗ ਵਿਚ ਆ ਸਕਦੀ ਹੈ ਤਾਂ ਉਹ ਆਸਾ ਰਾਗ ਹੀ ਹੈ । ਆਸਾ ਰਾਗ ਅੰਮ੍ਰਿਤ ਵੇਲੇ ਦਾ ਹੀ ਰਾਗ ਹੈ ਜਦੋਂ ਇਹ ਬਾਣੀ ਪੜ੍ਹੀ ਜਾਦੀ ਹੈ । ਵਾਰਾਂ ਦੀਆਂ ਧਾਰਨਾਂ ਤੇ ਜਪੁ ਗਾਇਆ ਜਾ ਸਕਦਾ ਹੈ ।"

ਅਤੇ ਡਾ: ਮੋਹਨ ਸਿੰਘ ਅਨੁਸਾਰ, "ਇਹ ਪੱਕੀ ਗੱਲ ਏਥੇ ਹੋਈ ਕਿ ਬੈਹਰਾਂ ਬਹੁਤ ਸਾਰੀਆਂ

ਰਾਗ ਆਸਾ ਦੀਆਂ ਹਨ, ਜਿਸ ਤੋਂ ਸਾਫ ਪ੍ਰਗਟ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਇਹ ਕੜੀਦਾਰ ਚੀਜ਼ ਆਸਾ ਰਾਗ ਵਿੱਚ ਤਰਤੀਬ ਅਤੇ ਬੈਹਰਾਂ ਦੀ ਕਾਫ਼ੀ ਬਹੁਰੰਗੀ ਦੇ ਕੇ ਸਵੇਰੇ ਗਾਉਣ ਜਪਣ, ਪੜ੍ਹਨ ਲਈ ਉਚਾਰੀ ਸੀ।"

ਦੋਹਾਂ ਵਿਦਵਾਨਾਂ ਦੇ ਕਥਨਾਂ ਤੋਂ ਇਹ ਲੱਗਦਾ ਹੈ, ਸ਼ਾਇਦ ਜੋ ਚੀਜ਼ ਗੁਰੂ ਅਰਜਨ ਦੇਵ ਜੀ ਤੋਂ ਰਹਿ ਗਈ ਉਹ ਇਹਨਾਂ ਸਮਝ ਲਈ ਹੈ। ਕੋਈ ਵੀ ਵਿਦਵਾਨ ਗੁਰੂ ਤੋਂ ਅੱਗੇ ਵਧਣ ਦੇ ਯਤਨ ਵਿੱਚ ਗਲਤੀਆਂ ਅਤੇ ਉਕਾਈਆਂ ਹੀ ਕਰੇਗਾ। ਗੁਰੂ ਗ੍ਰੰਥ ਸੰਬੰਧੀ ਖੋਜ ਦੀ ਦਿਸ਼ਾ ਤਾਂ ਹੀ ਸਹੀ ਰਹਿ ਸਕਦੀ ਹੈ, ਜੇ ਗੁਰੂ ਵੱਲੋਂ ਦਿੱਤੀ ਹਦਬੰਦੀ ਟੱਪਣ ਦਾ ਪ੍ਰਯਾਸ ਨਾ ਕਰੀਏ। ਜਪੁ ਬਾਣੀ ਸਿੱਖਾਂ ਦਾ ਵਿਅਕਤੀਗਤ ਨਿਤਨੇਮ ਹੈ, ਆਸਾ ਦੀ ਵਾਰ ਵਾਂਗ ਗੁਰਦੁਆਰੇ ਦਾ ਨਿਤਨੇਮ ਨਹੀਂ, ਹਰ ਸਿੱਖ ਨੂੰ ਕੀਰਤਨ ਕਰਨਾ ਆਵੇ ਇਹ ਭੀ ਮੁਸ਼ਕਿਲ ਹੈ ਇਸ ਕਰਕੇ ਸ਼ੁਰੂ ਤੋਂ ਹੀ ਇਸ ਬਾਣੀ ਦੇ ਪਾਠ ਕਰਨ ਦੀ ਰੀਤ ਹੀ ਪ੍ਰਚਲਿਤ ਹੈ, ਸ਼ਾਇਦ ਇਸੇ ਕਾਰਨ ਇਸ ਬਾਣੀ ਦਾ ਸਮੁੱਚਾ ਗਾਇਨ ਤਾਂ ਦੂਰ ਇਸਦੀਆਂ ਪਉੜੀਆਂ ਦਾ ਗਾਇਨ ਵੀ ਬਹੁਤ ਘੱਟ ਕਿਤੇ ਸੁਣਨ ਵਿੱਚ ਆਉਂਦਾ ਹੈ। ਇਸ ਬਾਣੀ ਨੂੰ ਆਪਣੇ ਅਨੁਮਾਨਾਂ ਨਾਲ ਜ਼ਬਰਦਸਤੀ ਕਿਸੇ ਰਾਗ ਦੇ ਅਧੀਨ ਕਰਨਾ ਕੋਈ ਬਹੁਤੀ ਸਿਆਣੀ ਗੱਲ ਨਹੀਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਖ਼ੀਰ ਵਿੱਚ ਸਲੋਕ ਅਤੇ ਸਵੱਈਏ ਹੀ ਦਰਜ ਹਨ। (ਡਾ. ਕੋਹਲੀ ਮੁਤਾਬਿਕ, ਗਾਥਾ, ਫੁਨਹੇ, ਚਉ ਬੋਲੇ, ਇਹ ਸਲੋਕਾਂ ਦੀਆਂ ਹੀ ਕਿਸਮਾਂ ਹਨ।) ਕੀਰਤਨ ਵਿੱਚ ਫਿਲਮੀ ਧੁਨਾਂ ਦੇ ਪ੍ਰਚਲਣ ਕਾਰਨ ਬਹੁਤੇ ਕੀਰਤਨੀਏ ਸੰਖੇਪ ਜਿਹਾ ਕਲਾਸੀਕਲ ਰੀਤ ਤੇ ਸ਼ਬਦ ਪੜ੍ਹਨ ਦੀ ਕਾਹਲ ਵਿੱਚ ਸਲੋਕਾਂ ਦਾ ਗਾਇਨ ਕਰ ਲੈਂਦੇ ਹਨ, ਪਰ ਜੇ ਅਸੀਂ ਆਸਾ ਦੀ ਵਾਰ ਸੰਬੰਧੀ ਗਾਇਨ ਮਰਯਾਦਾ ਵੱਲ ਧਿਆਨ ਦੇਈਏ ਤਾਂ ਛੱਕੇ ਦੇ ਗਾਇਨ ਮਗਰੋਂ ਸ਼ਲੋਕਾਂ ਨੂੰ ਉਹਨਾਂ ਹੀ ਸੁਰਾਂ ਤੇ ਆਰੋਹ ਅਵਰੋਹ ਕਰਦਿਆਂ ਪੜ੍ਹਨ ਦੀ ਰੀਤ ਹੈ। ਆਸਾ ਦੀ ਵਾਰ ਵਿੱਚ ਜਿਥੇ ਛੰਤ ਅਤੇ ਪਉੜੀਆਂ ਗਾਇਨ ਦੀ ਰੀਤ ਹੈ ਉੱਥੇ ਸਲੋਕ ਇਕ ਵੱਖਰੇ ਢੰਗ ਨਾਲ ਪੜ੍ਹੇ ਜਾਂਦੇ ਹਨ। ਸਵੱਈਆਂ ਨੂੰ ਭਾਵੇਂ ਰਾਗੀ ਸਿੰਘ ਗਾਉਂਦੇ ਭੀ ਹਨ ਪਰ ਸਿੱਖ ਧਰਮ ਦੀਆਂ ਪਰੰਪਰਾਵਾਂ ਮੁਤਾਬਿਕ ਇਹਨਾਂ ਦੇ ਭੀ ਪੜ੍ਹਨ ਦੀ ਮਰਯਾਦਾ ਹੈ। ਹਰਿਮੰਦਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕਾਲ ਤੋਂ ਹੀ ਗੁਰੂ ਪ੍ਰਵੇਸ਼ ਤੇ ਕੀਰਤਨ ਰੋਕ ਕੇ ਸਵੱਈਏ ਉਚਾਰਨ ਕੀਤੇ ਜਾਂਦੇ ਹਨ। ਇਹਨਾਂ ਬਾਣੀਆਂ ਸੰਬੰਧੀ ਵਿਚਾਰ ਕਰਨ ਤੇ ਇਹੀ ਤੱਥ ਸਾਹਮਣੇ ਆਉਂਦੇ ਹਨ ਕਿ ਗਾਇਨ ਨਾਲੋਂ ਇਹ ਬਾਣੀਆਂ ਪੜ੍ਹਨ ਨਾਲ ਜ਼ਿਆਦਾ ਸੰਬੰਧਤ ਰਹੀਆਂ ਹਨ, ਸ਼ਾਇਦ ਇਸੇ ਕਾਰਨ ਇਹਨਾਂ ਨੂੰ ਕਿਸੇ ਰਾਗ ਦੇ ਅਧੀਨ ਨਹੀਂ ਕੀਤਾ।

ਮੇਰਾ ਅਲਪਬੁੱਧੀ ਬੰਦੇ ਦਾ ਇਸ ਤਰਫ਼ ਇਹ ਨਿਗੁਣਾਂ ਜਿਹਾ ਯਤਨ ਹੈ, 'ਫੈਲੇ ਵਿਦਿਆ ਚਾਨਣੁ ਹੋਇ' ਦਾ ਨਿਸ਼ਾਨਾ ਸਨਮੁੱਖ ਰੱਖਕੇ ਪੰਥ ਤੇ ਗਿਆਨ ਦੀ ਸੇਵਾ ਲਈ ਹੋਰ ਸੂਝਵਾਨਾਂ ਨੂੰ ਇਸ ਤਰਫ਼ ਉਚੇਰੇ ਯਤਨ ਕਰਕੇ ਪਿਉ ਦਾਦੇ ਦੇ ਖ਼ਜਾਨੇ ਵਿੱਚੋਂ ਹੀਰੇ ਰਤਨ ਲੱਭਣ ਦਾ ਪ੍ਰਯਾਸ ਕਰਨਾ ਚਾਹੀਏ। —0—

# MUSIC UPLIFTS MAN

Dr. Bishan Sweroop Aggarwl Ropari

Beyond doubt, music is the science of virbration. Its influenece involves majority of us. The influence mostly serves as a moral guide. It moulds character. Intelligence is imparted to human understanding as music performs the function of instructor in the subconscious mind. It is called the 'Science of Sciences" It is a rich source and all others spring from it. In the human constitution, there are centres which are pacified by music. We do not go into the technicalities of the musical performance, however we are exalted by it. No intellectual faculty is required to be under the sway of musical notes. Even an illiterate person feels elevated by the musical notes. Intellect lags behind while music advances forward to have direct communication with the human and universal soul.

It is said that the seven musical notes (Sa, Ri, Ga, Ma, Pa, Dha, Ni) flowed from the five faces of lord Shiva when He performed His great dance. Shiva in Hindu mythology represents Truth, Beauty and Goodness. Obviously the seven musical notes represent Satyam, Shivam, Sundram. Any person who involves deeply in the musical notes gains the topmost qualities. We understand that the whole system of music is involved from Nada or sound Saints and sears agree that Nada emanates in Akasa which pervades the whole universe. The ear is receptive to Nada in any form.

One of the greatest exponents of clas ical music in South India, Muthuswami Dikshitar has given seven Ragas and seven Talas for the seven week days. Saurashtra praises the Sun, Asaveri the Moon ; Surati-Mars ; Natakuranji-Mercury ; Atana-Jupiter ; Pharoz-Venus and yadukula Kambhoji Saturn and the seven chief Talas. It is established that on the particular week days the ragas produce salutary effect on human beings.

| | | |
|---|---|---|
| Sunday | — | Sa |
| Monday | — | Pa |
| Tuesday | — | Dha |
| Wednesday | — | Ri |

| | | |
|---|---|---|
| Thursday | — | Ni |
| Friday | — | Ma |
| Saturday | — | Ga |

The vibrations of music have proved miraculous in their force as singers in the past could compel human beihgs, animals and even lifeless nature to do according their wishes. The feelings of the mind could be excited according to the tones. Proper use of the voice could stimulate the mind to action. The soul could be awakened till it became one with the Absolute.

Experts agree that music or mantras or japas can be effective only when the musician or pandit or granthi has the necessary authority and also the required competence to perform things. A thought is a vibrasion and causes an electric vibration in the brain. Music clearly means collective harmonious sound vibratioos having salutary effect on the making of man. We feel lifted up by the soul stirring waves of rhythm. We are carried through spheres of love and beauty toward the altar of eternal truth. The moral impulses are of the highest order and result in right human conduct.

Kirtan heals the sick whether they are physical sufferers or mental wrecks. Minds polluted by wordly pursuits can be set right by musical tones of Kirtan. Kirtan can do away with the doctor. Experiments have proved it well.

— 0 —

# ਰਾਗ ਕਲਿਆਨ

ਪ੍ਰੋ. ਪਰਮਜੋਤ ਸਿੰਘ

ਵਾਦੀ—ਗ ਠਾਠ—ਕਲਿਆਣ ਸਮਾਂ—ਰਾਤ ਦਾ ਪਹਿਲਾ ਪਹਿਰ

ਸੰਵਾਦੀ ਨ ਜਾਤ—ਸੰਪੂਰਨ ਤੀਨ ਤਾਲ ਮਧ ਲਯ

ਪਕੜ ਨ਼ ਰ ਗ, ਰ ਸ, ਪ ਮੇ ਗ, ਰ ਸ।

ਆਰੋਹ—ਸ ਰ ਗ, ਮੇ ਪ, ਧ, ਨ ਸਂ।

ਅਵਰੋਹ ਸਂ ਨ ਧ, ਪ, ਮੇਗ, ਰਸ।

| X | | | | 2 | | | | O | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਨ | ਰ | ਗ | ਰ | ਗ | ਮੇ | ਪ | ਪ | ਰ | ਰ | ਗ | ਰ | ਨ਼ | ਰ | ਸ | ਸ |
| ਪ੍ਰ | ਭੁ | ਮੇ | ਰਾ | ਅੰ | S | ਤ | ਰ | ਜਾ | S | ਮੀ | S | ਜਾ | S | ਣੁ | S |
| ਪ | ਨ | ਧ | ਸਂ | ਨ | ਧ | ਪਮੇ | ਪ | ਰ | ਰ | ਗਮੇ | ਪ | ਰ | ਰ | ਸ | ਸ |
| ਕ | ਰਿ | ਕਿ | ਰ | ਪਾ | S | ਪੂS | S | ਰ | ਨ | ਪS | ਰ | ਮੇ | S | ਸ | ਰ |

ਨਿਹਚਲੁ ਸਚੁ ਸ਼ਬਦ ਨੀਸਾਣੁ (ਪਹਿਲੀ ਲਾਈਨ ਅਨੁਸਾਰ)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਸਂ | ਸਂ | ਸਂ | ਸਂ | ਸਂ | ਸ | ਨ | ਰਂ | ਗਂ | ਰ | ਸਂ | ਨ | ਧ | ਪ |
| ਹ | ਰਿ | ਬਿ | ਨੁ | ਆ | S | ਨ | ਨ | ਕੋ | ਈ | ਸ | ਮ | ਰ | S | ਥੁ | S |
| ਸਂ | ਗਂ | ਰਂ | ਸਂ | ਨ | ਧ | ਪਮੇ | ਪ | ਰ | ਰ | ਗਮੇ | ਪ | ਰ | ਰ | ਸ | ਸ |
| ਤੇ | S | ਰੀ | S | ਆ | S | ਸS | S | ਤੇ | ਰਾ | ਮS | ਨਿ | ਤਾ | S | ਣੁ | S |

ਬਾਕੀ ਦੇ ਅੰਤਰੇ ਇਸੀ ਅਨੁਸਾਰ

## ਕਲਿਆਨੁ ਮਹਲਾ ੫ (ਪੰਨਾ ੧੩੨੩)

ਪ੍ਰਭੁ ਮੇਰਾ ਅੰਤਰਜਾਮੀ ਜਾਣੁ ॥ ਕਰਿ ਕਿਰਪਾ ਪੂਰਨ ਪਰਮੇਸਰ ਨਿਹਚਲੁ ਸਚੁ ਸਬਦੁ ਨੀਸਾਣੁ ॥੧॥ ਰਹਾਉ ॥ ਹਰਿ ਬਿਨੁ ਆਨੁ ਨ ਕੋਈ ਸਮਰਥੁ ਤੇਰੀ ਆਸ ਤੇਰਾ ਮਨਿ ਤਾਣੁ ॥ ਸਰਬ ਘਟਾ ਕੇ ਦਾਤੇ ਸੁਆਮੀ ਦੇਹਿ ਸੁ ਪਹਿਰਣੁ ਖਾਣੁ ॥੧॥ ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥ ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥੨॥

# ਸੰਗੀਤ ਲਿੱਪੀ ਵਾਲੇ ਸ਼ਬਦ ਦੇ ਅਰਥ ਅਤੇ ਅਨੁਵਾਦ

— ਸ੍ਰ. ਮਨਮੋਹਨ ਸਿੰਘ ਐਡਵੋਕੇਟ

ਕਲਿਆਣ ਪੰਜਵੀਂ ਪਾਤਿਸ਼ਾਹੀ ।

ਸਿਆਣਾ ਅਤੇ ਅੰਦਰਲੀਆਂ ਜਾਣਨਹਾਰ ਹੈ ਮੇਰਾ ਸਾਂਈ ਹਰੀ ।

ਤੂੰ ਮੇਰੇ ਉਤੇ ਮਿਹਰ ਧਾਰ, ਹੇ ਮੇਰੇ ਮੁਕੰਮਲ ਵਿਸ਼ਾਲ ਵਾਹਿਗੁਰੂ ਤਾ ਜੋ ਮੈਂ ਤੇਰੇ ਸੱਚੇ ਅਤੇ ਸਦੀਵੀ ਨਾਮ ਦੇ ਝੰਡੇ ਦੀ ਦਾਤ ਨੂੰ ਪਾ ਸਕਾਂ । ਠਹਿਰਾਉ ।

'ਤੇਰੇ ਬਾਝੋਂ, ਹੇ ਹਰੀ ! ਕੋਈ ਹੋਰ ਬਲਵਾਨ ਨਹੀਂ ।

ਮੇਰੀ ਉਮੇਦ ਤੇਰੇ ਵਿਚ ਹੈ ਅਤੇ ਮੇਰੇ ਚਿੱਤ ਵਿਚ ਤੇਰੀ ਹੀ ਤਾਕਤ ਦਾ ਮਾਣ ਹੈ ।

ਹੇ ਮੇਰੇ ਮਾਲਕ !

ਤੂੰ ਹੀ ਸਾਰਿਆਂ ਦਿਲਾਂ ਦਾ ਦਾਤਾਰ ਹੈਂ ।

ਮੈਂ ਉਹੀ ਪਹਿਰਦਾ ਅਤੇ ਖਾਂਦਾ ਹਾਂ, ਜਿਹੜਾ ਕੁਛ ਤੂੰ ਮੈਨੂੰ ਦਿੰਦਾ ਹੈਂ ।

ਸਮਝ ਅਕਲ ਸਿਆਣਪ, ਪ੍ਰਭਤਾ, ਸੁੰਦਰਤਾ, ਰੰਗਰਲੀਆਂ, ਧਨ-ਦੌਲਤ, ਇਜ਼ਤ ਆਬਰੂ, ਸਾਰੇ ਆਰਾਮ, ਖੁਸ਼ੀ ਅਤੇ ਮੁਕਤੀ ਸੁਆਮੀ ਦੇ ਨਾਮ ਦੇ ਉਚਾਰਨ ਕਰਨ ਵਿਚ ਹੀ ਹਨ, ਹੇ ਨਾਨਕ !

Kalyan 5th Guru

Wise and Inner knower is my Lord God

Show Thou mercy unto me, O my Perfect God of gods, so that I am blessed with the Standard of Thv True and Eternal Name, O Lord. Pause.

Without Thee, O God, none else is powerful, my hope rests in Thee and mind leans on Thine might alone.

O my Master, Thou alone givest to all hearts. I wear and eat that what Thou givest me.

Understanding, intellect, wisdom, glory, beauty, revelments, riches, honour, all comforts, bliss and salvation are in the uttering of the Lord's Name, O Nanak.

—0—

# ਕੀਰਤਨ ਕਲਾਸਾਂ

1. ਗੁਰੂ ਗੋਬਿੰਦ ਸਿੰਘ ਭਵਨ, ਮੱਧ ਮਾਰਗ ਸੈਕਟਰ 15 ਏ ਚੰਡੀਗੜ੍ਹ ਵਿਖੇ ਸਵੇਰੇ 8 ਤੋਂ 12 ਵਜ ਤਕ ਕੀਰਤਨ ਦੀਆਂ ਕਲਾਸਾਂ ਲਗਦੀਆਂ ਹਨ ।
2. ਗੁਰਦੁਆਰਾ ਸਾਹਿਬ ਸੈਕਟਰ 11 ਚੰਡੀਗੜ੍ਹ ਵਿਖੇ ਸ਼ਾਮ ਨੂੰ 4 ਤੋਂ 6 ਤੱਕ ਕਲਾਸਾਂ ਲਗਦੀਆਂ ਹਨ ।

# आदि ग्रंथ और राग

डा सुरैण सिंह विलखु

यद्यपि गुरु ग्रं ा साहिब में 31 रागों का उल्लेख है फिर भी सन्त कवियों की सर्वप्रियता की दृष्टि से कुछ एक रागों का नाम विशेष रूप से लिया जाता है। आचार्य परशुराम चतुर्वेदी लिखते हैं, "संतों की रचनाएं लगभग सभी प्रसिद्ध रागों के अंतर्गत संगृहीत पाई जाती हैं। फिर भी उनकी अधिकांश रचनाएं राग गौड़ी, राग बिलाबल, राग सोरठ, राग बसंत, तथा राग धनाश्री के अंतर्गत दीख पड़ती हैं और इनके अनंतर राग मारू, राग भैरव, राग टोडी, राग आसावरी, राग राम कली तथा राग मलार के नाम आते हैं। अन्य प्रमुख रागों में राग कल्याण, राग कान्हड़ा, राग केदारा तथा राग नट नारायण के भी नाम लिये जा सकते हैं।[1]

राग तत्व की परंपरा की आदि ग्रंथ में स्वीकृति तथा इस के विकास को देखने के लिये नामदेव के पश्चात् सन्त कबीर का नाम उल्लेखनीय है। कबीर जी की रचनाएं जिन रागों के अंतर्गत आदि-ग्रंथ में संग्रहीत हैं, वे इस प्रकार हैं :—सिरी, गउड़ी, आसा, गूजरी, बिहागड़ा, सोरठि, धनासरी, तिलंग, सूही, बिलाबल, गौंड, रामकली, मारू, केदारा, भैरउ, बसंत तधा प्रभाती।[2] इन रागों में से भी सबसे अधिक पदों की रचना जो कि 73 है, गउड़ी राग में निबद्ध है। आसा में 37 पद, भैरउ में 18, रामकली में 14, बिलावल में तथा मारू में बारह बारह, गौंड तथा सोरठि में ग्यारह ग्यारह तथा बसन्त केदारा में क्रमश: सात और छ: पद, धनासरी, सूही, प्रभाती में पांच पाँच, गूजरी तथा सारंग में तीन तीन, सिरी राग दो, बिहागड़ा और तिलंग में एक एक पद निबद्ध हैं। प्रस्तुत विवेचन से स्पष्ट है कि गउड़ी आसा, भैरउ, रामकली, बिलाबल, मारू, गौंड, सोरठ, बसन्त, केदारा, धनासरी, सूही, प्रभाती आदि राग सन्तों के सर्व-प्रिय राग थे।

गुरु नानक जी की रचना गौंड और केदारा रागों को छोड़कर उन सभी रागों में निबद्ध है, जिनमें कबीर जी की रचनाएं निबद्ध हैं। इसके अतिरिक्त गुरु नानक देव ने माझ, वडहंस तथा मलार रागों में भी रचनाएं की हैं। उन्होंने नामदेव द्वारा प्रयुक्त टोडी, गौंड, माली गौड़ा तथा कानड़ा रागों को

1. संत काव्य पृष्ठ 109-110
2. श्री गुरु ग्रंथ साहब जी दा साहितक इतिहास 183-84

छोड़ अन्य सभी रागों में रचनाएं की हैं, जिनका उल्लेख आदि ग्रंथ में मिलता है। इस प्रकार 14 राग नामदेव वाले और सिरी राग, सूही तथा बिहागड़ा कबीर वाले तथा अन्य तीन माझ, वडहंस तथा तुखारी राग गुरु नानक द्वारा लिए गए हैं। कबीर तथा रविदास समसामयिक थे। रविदास जी कबीर से आयु में बड़े थे। रविदास की रचनाएं आदि ग्रंथ में जिन रागों में निबद्ध हैं, वे इस प्रकार हैं:– सिरी, गउड़ी, आसा, गूजरी, सोरठि, धनासरी, जैतसरी, सूही बिलाबल, गौंड, रामकली, मारू, केदारा, भैरउ, बसंत, मलार, इन में सिरी, जैतसरी तथा सूही रागों के अतिरिक्त शेष सभी रागों में नामदेव की रचनाएं भी निबद्ध हैं। सिरी तथा सूही रागों में कबीर जी की रचनाएं भी निबद्ध हैं। जैतसरी राग भक्त कवियों की रचनाओं में सर्वप्रथम रविदास की रचना में मिलता है।

जहां तक गुरु नानक की रचना में माझ राग के आने का संबंध है, जो स्थानीय लोककाव्य से प्रभावित है और गुरु नानक की स्वयं रचना प्रतीत होता है। इसका संबंध माझे प्रदेश से है। डा. तारन सिंह लिखते हैं, माझ राग संभवत: बिलकुल पंजाबी राग है और माझे देश का होने से इस में पंजाब की समकालीन राजसी, सामाजिक एवं धार्मिक गिरावट और खींचातानी का वर्णन है।[1] माझ को गुरमति संगीत अनुसार भिन्न रागिनी माना गया है। माझे देश की होने से संकीर्ण है।[2]

गुरु अंगद देव की रचना के केवल 62 श्लोक ही गुरु ग्रंथ में अंकित हैं। जो दस वारों में विभिन्न स्थानों पर रखे गये हैं। गुरु अमरदास की रचना जिन 17 रागों में है, वे सभी गुरु नानक देव जी वाले ही हैं। तिलंग तथा तुखारी राग में उनकी कोई रचना नहीं।

गुरु रामदास की वाणी का रचना काल 1574-1581 ई. बताया जाता है।[3] गुरु ग्रंथ में कुल 31 रागों में बिभिन्न सन्त कवियों की रचनाएं निबद्ध हैं। गुरु नानक देव जी ने 19 रागों में रचना की। दो श्लोक बिहागड़ा राग में हैं। इनमें से 16 राग उनके पूर्ववर्ती सन्तों की वाणियों में उपलब्ध हैं। तीन राग जैसा कि उपर उल्लेख हो चुका है, उन्होंने नये लिए और माझ राग संभवत: उन्होंने स्वयं रचा। गुरु राम दास की बाणी जैजावंती राग को

1. श्री गुरु ग्रंथ साहिब दा साहितिक इतिहास (पंजाबी)—पृष्ठ 252
2. गुरमति संगीत प्रथम खण्ड – पृष्ठ 24
3. श्री गुरु ग्रंथ साहिब दा साहितिक इतिहास (पंजाबी) पृष्ठ 361

छोड़ आदि ग्रं ा के अन्य सभी रागों में निबद्ध है। जैजावंती जो आदि ग्रंथ का 31वां राग है इसमें गुरु ग्रंथ के रचयिताओं में से केवल गुरु तेग बहादर जी के चार पद आदि ग्रंथ में सम्मिलित हैं। डा. तारन सिंह लिखते हैं गुरु राम दास की वाणी गुरु ग्रंथ का एक बड़ा भाग है और यह महान रचना है। बाणी के आकार, स्तर, रूप, रस तथा शैली-गत विशेषता के कारण भी महान रचना है। आपने गुरु ग्रंथ की योजना को इस पक्ष से भी विशालता प्रदान की कि उस की राग-नींव को विस्तीर्ण किया। यह पता नहीं कि आपने राग विद्या में निपुणता किस प्रकार तथा कहां साधना करके प्राप्त की, परन्तु आपने गुरु ग्रंथ साहब के रागों की संख्या 19 से एक दम 30 तक पहुंचा दी। 11 राग और लेकर उनमें अपनी रचना की। यह राग देव गंधारी, बिहागड़ा, जैतसरी, टोडी, बैराड़ी, गोंड, नट नारायण, माली गउड़ा, केदारा और कलिआण थे।[4]

गुरु राम दास ने 30 रागों में रचना करने की प्रवीणता कहां से प्राप्त की? यह अवश्य खोज का प्रश्न है। परन्तु हम पहले कह चुके हैं कि सन्त कवि न केवल भक्त थे अपितु संगीतज्ञ भी थे। कतिपय संगीतज्ञों ने तो इस परंपरा को तो भगवती शारदा तथा श्री नारद मुनि से लेकर भक्ति कालीन एवं रीतिकालीन ब्रज के संगीतज्ञों व कवियों के इतिहास पर्यन्त खोजी जा सकने का संकेत करते हुए कहा है कि तानसेन और बैजू वाबरा जैसे गुणी तो केवल उन संगीतज्ञ भक्तों और सन्त कवियों के मात्र कृपापात्र ही थे।[5] तानसेन तथा बैजू बावरा अकबर के समय में हुए और गुरु राम दास भी अकबर के समसायिक थे। डा. तारन सिंह ने उनकी रचना का समय 7 साल 1574-1581 बताया है।[6] जब भारतीय संगीत के लेखक श्री उत्तमाचार्य अकबर काल में तानसेन तथा बैजू से भी बढ़ कर संगीतज्ञ भक्त-कवियों के होने के बारे में संकेत करते हैं तो गुरु राम दास का उन्हीं में से किसी संगीतज्ञ भक्त कवि से समस्त रागों की प्रवीणता प्राप्त कर लेना कोई बड़ी बात नहीं और उसी काल में उनमें से एक होना सिद्ध होता है। भारतीय संगीत के कर्त्ता की की राय की पुष्टी गुरु ग्रंथ के अन्तः साक्ष्य एवं अन्य प्रमाणों से भी होती है। गुरु नानक की रचना 19 रागों में है। वे स्वयं एक संगीतज्ञ थे। जो और 11 राग गुरु राम दास ने लिये और उनमें अपनी रचना की, उनमें से सात राग

---

4. वही पृष्ठ 360-61
5 भारतीय संगीत - 215
6. श्री गुरु ग्रंथ साहिब दा साहितिक इतिहास 36

तो गुरु ग्रंथ में उल्लिखित पूर्ववर्ती सन्त-संगीतज्ञों की रचनाओं में उपलब्ध हैं, जो काल क्रम अनुसार इस प्रकार हैं : टोडी, माली गौड़ा, गौंड तथा कानड़ा रागों में नामदेव की रचनाएं आदि ग्रंथ में हैं। जैतसरी राग में रविदास की रचना भी निबद्ध है। और उन्होंने गौंड तथा केदारा रागों में भी रचनाएं की। बिहागड़ा राग में कबीर की रचना का एक पद आदि ग्रंथ में है। केदारा तथा गौंड रागों में भी उनकी रचनाएं हैं। इस प्रकार टोडी, माली, गौड़ा, गौंड, कानड़ा, नामदेव की रचनाओं में और जैतसरी, केदारा तथा बिहागड़ा रविदास और कबीर की रचनाओं में आदि ग्रंथ में ही प्रयुक्त हैं। जयदेव के गीत गोबिन्द में गुरु ग्रंथ के माली गउड़ा, बसन्त, गूजरी, रामकली तथा भैरव रागों के अतिरिक्त बराड़ी राग का उल्लेख है। राग गौंड, मारू, गूजरी, भैरवी धनासरी, रामकली, वराड़ी, आदि का सिद्ध संगीतज्ञों से विशेष संबंध था।[1] सिद्धों का समय 800 से 1100 तक अनुमानित किया गया है।[2] इस परंपरा की शृंखला के विषय में अधिक महत्वाकांक्षी न होते हुए हम कह सकते हैं कि सिद्ध संगीतज्ञों से जयदेव ने संगीत विद्या प्राप्त की। जयदेव-विद्यापति से तथा नाथ योगी संगीतज्ञों से होती आई यह भक्ति काव्य संगीत की परंपरा नामदेव, रविदास, कबीर, जायसी, गुरु नानक, गुरु रामदास तथा तुलसीदास, सूरदास तक आई। तुलसीदास तया सूरदास अकबर के समकालीन थे। इसी परंपरा में गुरु रामदास जी हैं, जो अकबर के समकालीन थे। अकबर के राज्य काल में संगीत अपनी उन्नत पराकाष्ठा पर था। सूरदास तथा तुलसीदास अकबर के समय में उत्कृष्ट भक्त संगीतज्ञ थे। अकबर की इनके विषय में श्रद्धा का उल्लेख डा. राम कुमार वर्मा ने किया है। वे लिखते हैं : सूरदास का निर्देश आईन अकबरी और मुंशियात अबुल फजल में विशेष रूप से है। इस निर्देश से यह ज्ञात होता है कि सूरदास गायक थे और अकबर के दरबार में अपने पिता बाबा रामदास ग्वालेरी गोयंदा (गवैया) के बाद उसी पद पर नौकर थे। यदि अकबर के दरबार में नौकर न होते तो उनके नाम निर्देश की आवश्यकता नहीं थी। तुलसीदास भी अकबर के समकालीन उत्कृष्ट कवि और और गायक थे। पर उनका निर्देश आईन अकबरी में नहीं है।[3]

---

1. पंजाबी दुनिया गुरमति अंक - 93

2. हिन्दी साहित्य कोश — 53 कुछ विद्वानों के विचार अनुसार यह परंपरा 700 सं० से आरंभ होकर 500 वर्षों तक आगे चलती रही। सत काव्य की परंपरा की अब तक खोज के आधार पर यह निश्चय हो चुका है। कि सन्त साहित्य का आदि काल बौद्ध धर्म की वज्रयान ★

गुरु अर्जुन देव जी ने उन्ही 30 रागों में वाणी की रचना की है, जिनमें उनके पिता जी की बाणी है। रागों के आधार पर गुरु ग्रंथ को संपादन करना और सन्त वाणी की इस निधि को इस रूप में सुरक्षित करने का कार्य उन्ही द्वारा सम्पन्न हुआ। जैसा कि ऊपर कहा जा चुका है कि गुरु अर्जुन देव के पश्चातु एक और राग में बाणी की रचना गुरु तेग बहादुर ने की, वह जैजाबंती राग है। इन रागों के अतिरिक्त कुछ एक लोग काव्य की ध्वनियां भी आदि ग्रंथ में मिलती हैं, इस आध्यात्मिक काव्य को यर्थाथ रूप में लोक-काव्य सिद्ध करके लोभहित की रचना होने की पुष्टि करती है। यह ध्वनियां इस प्रकार हैं: कबीर कीं रचनाओं में बावन अखरी, थिति, वार, गुरु नानक देव की रचनाओं में पहरे, पट्टी, अलाहणीआं, आरती, सुचज्जी, कुचज्जी, थिति ओंकार गोसटि (सिद्व) सोहल, बारहमाहा, गुरु अमरदास जी ने भी पट्टी, अलाहणीआं, तथा सोहले लिखे। गुरु जी ने पहरे, वणजारा, करहले, तथा घोडियां लिखी, गुरु अजुन देव जी ने पहरे, वारहमाह, दिन रैण' वावन, अखरी, सुखमनी, थिति, बिरहड़े, गुणवंती, रुत्ती, अंजलीयां, सोहले तथा गाथा काव्य रुपों में रचना की। इस रचना की परंपरा का सीधा संबंध लोक गीतों से है।

---

★शाखा के चौरासी सिद्धों से आरंभ होता है। इसे नागपंथी परंपरा के नाम से भी अभिहित किया गया है। नागपंथ का स्वर्ण युग 12वीं तथा 14वीं शती के बीच माना जाता है। जयदेव के पीछे इन्हीं सिद्धों
3. की संगीत परंपरा चली आ रही थी—(संत संगीत अंक—पृ० 3)

---

# ਐਸਾ ਸਤਿਗੁਰਿ ਜੇ ਮਿਲੈ

—(ਪ੍ਰੋ. ਦਰਸ਼ਨ ਸਿੰਘ ਜੀ ਖਾਲਸਾ)

ਗੁਰਬਾਣੀ ਕੀਰਤਨ ਵਿੱਚ ਪ੍ਰੋ. ਦਰਸ਼ਨ ਸਿੰਘ ਜੀ ਦੇ ਕੀਰਤਠ ਦਾ ਵਿਸ਼ੇਸ਼ ਸਥਾਨ ਹੈ। ਕੀਰਤਨ ਕਰਦਿਆਂ ਗੁਰਬਾਣੀ ਦਾ ਇੱਕ ਖਾਸ ਵੀਚਾਰ ਲੈ ਕੇ ਉਸ ਉੱਤੇ ਢੁਕਵੇਂ ਪ੍ਰਮਾਣ ਅਤੇ ਵਿਆਖਿਆ ਉਹਨਾਂ ਦੇ ਕੀਰਤਨ ਦੀਆ ਮੁਖ ਵਿਸ਼ੇਸ਼ਤਾਈਆਂ ਹਨ। ਵਿਆਖਿਆ ਸਮੇਂ ਅਜੋਕੇ ਸੰਦਰਭ ਵਿਚ ਕੀਤੀਆਂ ਟਿੱਪਣੀਆਂ ਤੋਂ ਸਰੋਤੇ ਵਿਸ਼ੇਸ਼ ਪ੍ਰਭਾਵਿਤ ਹੁੰਦੇ ਹਨ।

ਐਮ. ਵੀ. ਆਈ ਕੰਪਨੀ ਵੱਲੋਂ ਪ੍ਰੋਫੈਸਰ ਸਾਹਿਬ ਦੇ ਗਾਇਨ ਕੀਤੇ ਦੋ ਸ਼ਬਦਾਂ ਦੀ ਇੱਕ ਕੈਸਟ ਰਿਲੀਜ਼ ਕੀਤੀ ਗਈ ਹੈ। ਏ' ਸਾਈਡ ਉਤੇ ਪ੍ਰੋਫੈਸਰ ਸਾਹਿਬ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਰਾਗ ਰਾਮਕਲੀ ਵਿੱਚ ਰਚੀ ਰਚਨਾ ਅਨੰਦ ਸਾਹਿਬ ਵਿੱਚੋਂ ਇੱਕ ਪਉੜੀ ਰਾਗ ਧਨਾਸਰੀ ਦੀਆਂ ਸੁਰਾਂ ਉਤੇ ਗਾਇਨ ਕੀਤੀ ਹੈ। 'ਬੀ' ਸਾਈਡ ਉਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਰਾਗ ਬਿਲਾਵਲੁ ਵਿੱਚ ਰਚਿਆ ਸ਼ਬਦ ਰਾਗ ਬਿਹਾਗ ਦੀਆਂ ਸੁਰਾਂ ਉਤੇ ਸੁਚੱਜੇ ਢੰਗ ਨਾਲ ਗਾਇਨ ਕੀਤਾ ਗਿਆ ਹੈ। ਦੋਹਾਂ ਸ਼ਬਦਾਂ ਵਿੱਚ ਢੁੱਕਵੇਂ ਪ੍ਰਮਾਣ ਅਤੇ ਵਿਆਖਿਆ ਵਿਦਵਤਾ ਭਰਪੂਰ ਹੈ।

ਡਾ: ਜਾਗੀਰ ਸਿੰਘ